ਮੰਗਲਵਾਰ, 23 ਮਈ, 2023
9 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 352

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • TUESDAY, 23 MAY, 2023
ਜਲੰਧਰ
You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬ੍ਰਿਜ ਭੂਸ਼ਣ ਦਾ ਚੈਲੰਜ ਕਬੂਲ, ਭਲਵਾਨ ਨਾਰਕੋ ਟੈਸਟ ਲਈ ਤਿਆਰ

### ਟੈਸਟ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਵੇ ਤੇ ਸਾਰਾ ਦੇਸ਼ ਲਾਈਵ ਦੇਖੇ




**ਨਵੀਂ ਦਿੱਲੀ** : ਉਲੰਪਿਕ ਤਮਗਾ ਜੇਤੂ ਬਜਰੰਗ ਪੂਨੀਆ ਨੇ ਸੋਮਵਾਰ ਐਲਾਨਿਆ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਖਿਲਾਫ ਪ੍ਰਦਰਸ਼ਨ ਕਰ ਰਹੇ ਸਾਰੇ ਭਲਵਾਨ ਨਾਰਕੋ ਟੈਸਟ ਕਰਵਾਉਣ ਲਈ ਤਿਆਰ ਹਨ। ਭਲਵਾਨਾਂ ਤੇ ਬ੍ਰਿਜ ਭੂਸ਼ਣ ਦਾ ਟੈਸਟ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਵੇ ਤੇ ਇਸ ਦਾ ਦੇਸ਼ ਦੇ ਲੋਕਾਂ ਸਾਹਮਣੇ ਸਿੱਧਾ ਪ੍ਰਸਾਰਨ ਹੋਣਾ ਚਾਹੀਦਾ ਹੈ।

ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਨੇ ਐਤਵਾਰ ਕਿਹਾ ਸੀ ਕਿ ਜੇ ਸਟਾਰ ਭਲਵਾਨ ਵਿਨੇਸ਼ ਫੋਗਾਟ ਤੇ ਬਜਰੰਗ ਨਾਰਕੋ ਟੈਸਟ ਲਈ ਤਿਆਰ ਹੋਣ ਤਾਂ ਉਹ ਵੀ ਅਜਿਹਾ ਟੈਸਟ ਕਰਾਉਣ ਲਈ ਤਿਆਰ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਬਜਰੰਗ ਪੂਨੀਆ ਨੇ ਕਿਹਾ-ਬ੍ਰਿਜ ਭੂਸ਼ਣ ਨੇ ਕਿਹਾ ਕਿ ਉਹ ਨਾਰਕੋ ਟੈਸਟ ਲਈ ਤਿਆਰ ਹੈ। ਅਸੀਂ ਪਹਿਲਾਂ ਹੀ ਕਿਹਾ ਸੀ ਕਿ ਖਿਡਾਰੀ ਨਾਰਕੋ ਟੈਸਟ ਲਈ ਵੀ ਤਿਆਰ ਹਨ। ਇਹ ਟੈਸਟ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋਣਾ ਚਾਹੀਦਾ ਹੈ ਅਤੇ ਪੂਰਾ ਦੇਸ਼ ਇਸ ਨੂੰ ਲਾਈਵ ਦੇਖੇ। ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਬ੍ਰਿਜ ਭੂਸ਼ਣ ਨੇ ਕੀ-ਕੀ ਕੀਤਾ ਹੈ। ਕਾਮਨਵੈਲਥ ਖੇਡਾਂ ਦੀ ਤਮਗਾ ਜੇਤੂ ਵਿਨੇਸ਼ ਫੋਗਾਟ ਨੇ ਵੀ ਕਿਹਾ-ਮੈਂ ਬ੍ਰਿਜ ਭੂਸ਼ਣ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਿਰਫ ਵਿਨੇਸ਼ ਹੀ ਨਹੀਂ, ਉਹ ਸਾਰੀਆਂ ਕੁੜੀਆਂ, ਜਿਨ੍ਹਾਂ ਨੇ ਸ਼ਿਕਾਇਤ ਦਿੱਤੀ ਹੈ, ਨਾਰਕੋ ਟੈਸਟ ਕਰਵਾਉਣ ਲਈ ਤਿਆਰ ਹਨ। ਇਸ ਨੂੰ ਲਾਈਵ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਪੂਰੇ ਦੇਸ਼ ਨੂੰ ਦੇਸ਼ ਦੀਆਂ ਧੀਆਂ ਨਾਲ ਕੀਤੇ ਗਏ ਜ਼ੁਲਮ ਬਾਰੇ ਪਤਾ ਲੱਗ ਸਕੇ। ਪੂਨੀਆ ਨੇ ਬ੍ਰਿਜ ਭੂਸ਼ਣ 'ਤੇ ਕਾਨੂੰਨ ਤੋਂ ਭੱਜਣ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਦੋਸ਼ ਵੀ ਲਗਾਇਆ ਹੈ। ਭਲਵਾਨ ਸਾਕਸ਼ੀ ਮਲਿਕ ਨੇ ਵੀ ਲੋਕਾਂ ਨੂੰ ਮੰਗਲਵਾਰ ਨੂੰ ਇੰਡੀਆ ਗੇਟ 'ਤੇ ਆਪਣੇ ਮੋਮਬੱਤੀ ਮਾਰਚ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਸ ਨੇ ਕਿਹਾ-ਸ਼ਾਮ 5 ਵਜੇ ਤੋਂ ਇੰਡੀਆ ਗੇਟ 'ਤੇ ਮੋਮਬੱਤੀ ਮਾਰਚ ਕਰ ਰਹੇ ਹਾਂ। ਅਸੀਂ ਲੋਕਾਂ ਨੂੰ ਇਸ ਦਾ ਸਮਰਥਨ ਕਰਨ ਦੀ ਅਪੀਲ ਕਰਦੇ ਹਾਂ।

## ਚੰਨੀ ਦਾ ਭਾਣਜਾ ਨੌਕਰੀ ਬਦਲੇ 2 ਕਰੋੜ ਮੰਗਦਾ ਸੀ : ਮਾਨ

### ਸ਼੍ਰੋਮਣੀ ਕਮੇਟੀ ਬਾਦਲ ਖਾਨਦਾਨ ਦੀ ਕਠਪੁਤਲੀ



**ਚੀਮਾ ਮੰਡੀ (ਸੰਗਰੂਰ) (ਰਵਿੰਦਰ ਚੀਮਾ)**

ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੀਆਂ ਸੂਬੇ ਦੀਆਂ ਪਿਛਲੀਆਂ ਸਰਕਾਰਾਂ 'ਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਨੌਕਰੀਆਂ ਵੇਚੀਆਂ ਸਨ, ਜਦੋਂ ਕਿ ਸਾਡੀ ਸਰਕਾਰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ ਉਤੇ ਨੌਕਰੀਆਂ ਮੁਹੱਈਆ ਕਰਵਾ ਰਹੀ ਹੈ।

ਦਿੜ੍ਹਬਾ ਤੇ ਚੀਮਾ ਵਿੱਚ ਤਹਿਸੀਲ ਕੰਪਲੈਕਸਾਂ ਦਾ ਨੀਂਹ ਪੱਥਰ ਰੱਖਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ 'ਤੇ ਹਮਲੇ ਕਰਦਿਆਂ ਕਿਹਾ ਕਿ ਉਨ੍ਹਾ ਦਾ ਭਾਣਜਾ ਨੌਕਰੀ ਬਦਲੇ ਦੋ ਕਰੋੜ ਰੁਪਏ ਮੰਗਦਾ ਸੀ। ਇਸ ਦੇ ਉਲਟ ਸਾਡੀ ਸਰਕਾਰ ਨੇ ਅਹੁਦਾ ਸੰਭਾਲਣ ਤੋਂ ਲੈ ਕੇ ਹੁਣ ਤੱਕ 29,000 ਤੋਂ ਵੱਧ ਨੌਜਵਾਨਾਂ ਨੂੰ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦਿੱਤੀਆਂ ਹਨ। ਸੂਬੇ ਦੇ ਨੌਜਵਾਨਾਂ ਦਾ ਸ਼ੋਸ਼ਣ ਕਰਨ ਵਾਲੇ ਇਨ੍ਹਾਂ ਆਗੂਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਅੱਗੇ ਜਵਾਬਦੇਹ ਬਣਾਇਆ ਜਾਵੇਗਾ।

ਉਨ੍ਹਾ ਕਿਹਾ ਕਿ ਸੂਬਾ ਸਰਕਾਰ ਸੂਬੇ ਨੂੰ ਲੁੱਟਣ ਵਾਲੇ ਇਨ੍ਹਾਂ ਭ੍ਰਿਸ਼ਟ ਆਗੂਆਂ ਤੋਂ ਇਕ-ਇਕ ਪੈਸਾ ਵਸੂਲੇਗੀ। ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਇਹ ਕਿੰਨੀ

● ਬਾਕੀ ਸਫ਼ਾ 2 'ਤੇ

## ਮੋਦੀ ਮਾਮਲੇ 'ਚ ਬੀ ਬੀ ਸੀ ਨੂੰ ਨੋਟਿਸ

**ਨਵੀਂ ਦਿੱਲੀ** : ਹਾਈ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਪਾਬੰਦੀਸ਼ੁਦਾ ਦਸਤਾਵੇਜ਼ੀ ਫਿਲਮ ਖਿਲਾਫ ਮਾਣਹਾਨੀ ਦੇ ਮੁਕੱਦਮੇ 'ਚ ਬ੍ਰਿਟਿਸ਼ ਬ੍ਰੌਡਕਾਸਟਿੰਗ ਕੰਪਨੀ (ਬੀ ਬੀ ਸੀ) ਨੂੰ ਸੋਮਵਾਰ ਨੋਟਿਸ ਜਾਰੀ ਕੀਤਾ। ਗੁਜਰਾਤ ਸਥਿਤ ਗੈਰ-ਸਰਕਾਰੀ ਸੰਗਠਨ ਜਸਟਿਸ ਆਨ ਟ੍ਰਾਇਲ ਵੱਲੋਂ ਦਾਇਰ ਮੁਕੱਦਮੇ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦਸਤਾਵੇਜ਼ੀ ਫਿਲਮ ਨੇ ਦੇਸ਼, ਨਿਆਂਪਾਲਿਕਾ ਅਤੇ ਪ੍ਰਧਾਨ ਮੰਤਰੀ ਦੇ ਅਕਸ ਨੂੰ ਦਾਗਦਾਰ ਕੀਤਾ ਹੈ। ਜਸਟਿਸ ਸਚਿਨ ਦੱਤਾ ਨੇ ਸੰਮਨ ਜਾਰੀ ਕਰਦੇ ਹੋਏ ਮਾਮਲੇ ਦੀ ਅਗਲੀ ਸੁਣਵਾਈ 15 ਸਤੰਬਰ ਲਈ ਸੂਚੀਬੱਧ ਕਰ ਦਿੱਤੀ ਹੈ।

## ਮਨਦੀਪ ਕੌਰ ਨੂੰ 4 ਸਾਲ 8 ਮਹੀਨੇ ਦੀ ਸਜ਼ਾ

**ਲੰਡਨ** : ਇੱਥੋਂ ਦੀ 41 ਸਾਲਾ ਮਨਦੀਪ ਕੌਰ ਨੂੰ ਬਕਿੰਘਮ ਸ਼ਾਇਰ ਸਥਿਤ ਸੰਗਠਤ ਅਪਰਾਧ ਸਮੂਹ ਲਈ ਪੈਸੇ ਅਤੇ ਨਸ਼ੀਲੇ ਪਦਾਰਥਾਂ ਦੇ ਕੋਰੀਅਰ ਵਜੋਂ ਕੰਮ ਕਰਨ ਲਈ ਚਾਰ ਸਾਲ 8 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਲੰਡਨ ਦੀ ਮਨਦੀਪ ਕੌਰ ਨੂੰ ਜੂਨ 2020 'ਚ 50,000 ਪੌਂਡ ਨਾਲ ਗ੍ਰਿਫਤਾਰ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਮਨਦੀਪ ਕੌਰ ਨੇ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਕੀਤੀ ਤੇ ਪੈਸਾ ਇਧਰ ਤੋਂ ਉਧਰ ਪਹੁੰਚਾਇਆ।

## 1000 ਦਾ ਨੋਟ ਚਲਾਉਣ ਦੀ ਯੋਜਨਾ ਨਹੀਂ

**ਮੁੰਬਈ** : ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ 2000 ਦੇ ਨੋਟ ਨੂੰ ਵਾਪਸ ਲੈਣ ਦਾ ਫੈਸਲਾ ਕਰੰਸੀ ਪ੍ਰਬੰਧਨ ਦਾ ਹਿੱਸਾ ਹੈ। ਨੋਟਬੰਦੀ ਤੋਂ ਬਾਅਦ ਨਕਦੀ ਦੀ ਕਮੀ ਨੂੰ ਪੂਰਾ ਕਰਨ ਲਈ 2,000 ਰੁਪਏ ਦਾ ਨੋਟ ਲਿਆਂਦਾ ਗਿਆ ਸੀ। ਬੈਂਕਾਂ ਨੂੰ 2000 ਰੁਪਏ ਦੇ ਨੋਟ ਬਦਲਣ ਲਈ ਜ਼ਰੂਰੀ ਪ੍ਰਬੰਧ ਕਰਨ ਦੀ ਸਲਾਹ ਦਿੱਤੀ ਗਈ ਹੈ। ਉਮੀਦ ਕਰਦੇ ਹਾਂ ਕਿ 30 ਸਤੰਬਰ ਤੱਕ ਵੱਧ ਤੋਂ ਵੱਧ 2000 ਵਾਪਸ ਆ ਜਾਣਗੇ। ਪਹਿਲਾਂ ਵੀ ਦੁਕਾਨਦਾਰ 2000 ਦਾ ਨੋਟ ਲੈਣ ਤੋਂ ਝਿਜਕਦੇ ਸਨ, ਹੁਣ ਸ਼ਾਇਦ ਹੋਰ ਵੀ ਝਿਜਕਣਗੇ।

ਉਨ੍ਹਾ ਕਿਹਾ ਕਿ ਬੈਂਕ ਖਾਤੇ 'ਚ 50,000 ਰੁਪਏ ਜਾਂ ਇਸ ਤੋਂ ਵੱਧ ਜਮ੍ਹਾਂ ਕਰਾਉਣ ਲਈ ਲਾਜ਼ਮੀ ਪੈਨ ਦਾ ਮੌਜੂਦਾ ਨਿਯਮ 2,000 ਰੁਪਏ ਦੇ ਨੋਟਾਂ ਦੇ ਮਾਮਲੇ 'ਚ ਵੀ ਲਾਗੂ ਹੋਵੇਗਾ। ਉਨ੍ਹਾ ਇਨ੍ਹਾਂ ਕਿਆਸਅਰਾਈਆਂ ਨੂੰ ਰੱਦ ਕੀਤਾ ਕਿ 1000 ਰੁਪਏ ਦਾ ਨਵਾਂ ਨੋਟ ਚਲਾਇਆ ਜਾ ਰਿਹਾ ਹੈ।

## ਕਾਲਾ ਧਨ ਕਢਾਉਣ ਦਾ ਭਾਜਪਾ ਦਾ ਦਾਅਵਾ ਫੋਕਾ : ਚਿਦੰਬਰਮ

**ਨਵੀਂ ਦਿੱਲੀ** : ਸਾਬਕਾ ਕੇਂਦਰੀ ਵਿੱਤ ਮੰਤਰੀ ਤੇ ਸੀਨੀਅਰ ਕਾਂਗਰਸ ਨੇਤਾ ਪੀ ਚਿਦੰਬਰਮ ਨੇ 2016 ਵਿਚ 2000 ਰੁਪਏ ਦੇ ਨੋਟ ਪੇਸ਼ ਕਰਨ ਦੇ ਕਦਮ ਨੂੰ ਮੂਰਖਤਾਪੂਰਨ ਕਰਾਰ ਦਿੰਦੇ ਹੋਏ ਦਾਅਵਾ ਕੀਤਾ ਕਿ ਇਸ ਕਰੰਸੀ ਨੇ ਸਿਰਫ ਉਨ੍ਹਾਂ ਲੋਕਾਂ ਲਈ ਪੈਸਾ ਜਮ੍ਹਾਂ ਕਰਨਾ ਆਸਾਨ ਬਣਾਇਆ ਹੈ, ਜਿਹੜੇ ਕਾਲਾ ਧਨ ਰੱਖਦੇ ਹਨ। ਚਿਦੰਬਰਮ ਨੇ ਟਵੀਟ ਕੀਤਾ-ਬੈਂਕਾਂ ਨੇ ਸਪੱਸ਼ਟ ਕੀਤਾ ਹੈ ਕਿ 2000 ਰੁਪਏ ਦੇ ਨੋਟਾਂ ਨੂੰ ਬਦਲਣ ਲਈ ਕੋਈ ਪਛਾਣ ਪੱਤਰ ਦੇਣ, ਕੋਈ ਫਾਰਮ ਭਰਨ ਜਾਂ ਕੋਈ ਸਬੂਤ ਜਮ੍ਹਾਂ ਕਰਨ ਦੀ ਲੋੜ ਨਹੀਂ। ਕਾਲੇ ਧਨ ਦਾ ਪਤਾ ਲਗਾਉਣ ਲਈ 2000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦਾ ਭਾਜਪਾ ਦਾ ਦਾਅਵਾ ਬੇਕਾਰ ਹੋ ਗਿਆ ਹੈ। ਉਨ੍ਹਾ ਕਿਹਾ ਕਿ ਆਮ ਲੋਕਾਂ ਕੋਲ 2,000 ਰੁਪਏ ਦੇ ਨੋਟ ਨਹੀਂ ਹਨ ਕਿਉਂਕਿ ਉਹ 2016 ਤੋਂ ਸ਼ੁਰੂ ਹੋਣ ਤੋਂ ਬਾਅਦ ਇਨ੍ਹਾਂ ਨੂੰ ਰੱਖਣ ਤੋਂ ਝਿਜਕਦੇ ਰਹੇ ਹਨ।

## ਜਸਵੰਤ ਸਿੰਘ ਬਿਰਦੀ ਲਾਰਡ ਮੇਅਰ



**ਲੰਡਨ** : ਕੋਵੈਂਟਰੀ 'ਚ ਰਹਿਣ ਵਾਲੇ ਬਰਤਾਨਵੀ ਸਿੱਖ ਕੌਂਸਲਰ ਨੇ ਕੇਂਦਰੀ ਇੰਗਲੈਂਡ ਦੇ ਸ਼ਹਿਰ ਦਾ ਪਹਿਲਾ ਦਸਤਾਰਧਾਰੀ ਲਾਰਡ ਮੇਅਰ ਬਣ ਕੇ ਇਤਿਹਾਸ ਰਚ ਦਿੱਤਾ ਹੈ।

ਜਸਵੰਤ ਸਿੰਘ ਬਿਰਦੀ, ਜਿਨ੍ਹਾ ਦਾ ਜਨਮ ਪੰਜਾਬ 'ਚ ਹੋਇਆ ਸੀ ਅਤੇ ਜਿਨ੍ਹਾ ਨੇ ਕੋਲਕਾਤਾ 'ਚ ਬਚਪਨ ਗੁਜ਼ਾਰਿਆ, 60 ਸਾਲ ਪਹਿਲਾਂ ਕੋਵੈਂਟਰੀ ਆ ਕੇ ਵਸ ਗਏ ਸਨ ਅਤੇ 16 ਸਾਲਾਂ ਤੱਕ ਸ਼ਹਿਰ 'ਚ ਕੌਂਸਲਰ ਵਜੋਂ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾ ਹਾਲ ਹੀ 'ਚ ਲਾਰਡ ਮੇਅਰ ਦੇ ਅਹੁਦੇ ਦਾ ਰਸਮੀ ਕਾਰਜਭਾਰ ਆਪਣੀ ਪਤਨੀ ਕ੍ਰਿਸ਼ਨਾ ਦੇ ਨਾਲ ਸੰਭਾਲਿਆ।

## 'ਬੇਟੀ ਬਚਾਓ, ਬੇਟੀ ਪੜ੍ਹਾਓ' ਵਾਲਿਆਂ ਤੋਂ ਹੀ ਬੇਟੀਆਂ ਸੁਰੱਖਿਅਤ ਨਹੀਂ : ਸੋਹਲ



**ਮੋਗਾ (ਅਮਰਜੀਤ ਬੱਬਰੀ)**

ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ ਦੇ ਸੱਦੇ ਤਹਿਤ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਮੋਗਾ ਵੱਲੋਂ ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਤੇ ਜ਼ਿਲ੍ਹਾ ਆਗੂ ਪਰਮਜੀਤ ਕੌਰ ਦੀ ਅਗਵਾਈ ਵਿੱਚ ਡੀ ਸੀ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੂਬਾ ਆਗੂ ਨਰਿੰਦਰ ਸੋਹਲ ਨੇ ਮੰਗ ਕੀਤੀ ਕਿ ਪਹਿਲਵਾਨ ਧੀਆਂ ਨਾਲ ਛੇੜਖਾਨੀ ਕਰਨ ਵਾਲੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਨੂੰ ਬਿਨਾਂ ਕਿਸੇ ਦੇਰੀ ਦੇ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਆਗੂ ਟੀਮ ਮਨਪ੍ਰੀਤ ਕੌਰ ਅਜੀਤਵਾਲ, ਸੁਖਦੀਪ ਕੌਰ, ਕੁਲਦੀਪ ਬੱਡੂਵਾਲ, ਪਰਮਜੀਤ ਜਲਾਲਾਬਾਦ, ਰਾਜਵੀਰ ਕੌਰ ਦਾਤਾ, ਗੁਰਜੀਤ ਕੌਰ, ਅਮਨਪ੍ਰੀਤ ਕੌਰ ਖੋਸਾ, ਪੂਜਾ, ਸਰਬਜੀਤ ਕੌਰ, ਜਸਪਾਲ ਕੌਰ, ਸ਼ੁਸਮਾ ਦੇਵੀ, ਕਿਸਾਨ ਆਗੂ ਸੂਰਤ ਸਿੰਘ ਧਰਮਕੋਟ, ਏਟਕ ਆਗੂ ਜਗਸੀਰ ਖੋਸਾ, ਜਗਜੀਤ ਸਿੰਘ ਚੂਹੜ ਚੱਕ, ਚੈਨ ਦਾਤਾ, ਹਰਦਿਆਲ ਘਾਲੀ

● ਬਾਕੀ ਸਫ਼ਾ 2 'ਤੇ

## 15 ਸਾਲ ਬਾਅਦ ਯਹੂਦੀ ਰੀਤੀ-ਰਿਵਾਜ ਨਾਲ ਵਿਆਹ

**ਕੋਚੀ** : ਕੇਰਲਾ ਵਿਚ 15 ਸਾਲਾਂ ਦੇ ਵਕਫੇ ਤੋਂ ਬਾਅਦ ਯਹੂਦੀ ਰੀਤੀ-ਰਿਵਾਜਾਂ ਅਤੇ ਰਵਾਇਤੀ ਤਰੀਕੇ ਨਾਲ ਵਿਆਹ ਦੀ ਰਸਮ ਅਦਾ ਕੀਤੀ ਗਈ। ਅਮਰੀਕਾ 'ਚ ਡੇਟਾ ਸਾਇੰਟਿਸਟ ਅਤੇ ਕ੍ਰਾਈਮ ਬ੍ਰਾਂਚ ਦੇ ਸਾਬਕਾ ਪੁਲਸ ਸੁਪਰਡੈਂਟ ਬੇਨੋਏ ਮਲਖਾਈ ਦੀ ਧੀ ਨੇ ਅਮਰੀਕੀ ਨਾਗਰਿਕ ਅਤੇ ਨਾਸਾ ਦੇ ਇੰਜੀਨੀਅਰ ਰਿਚਰਡ ਜਾਚਰੀ ਰੋਅ ਨਾਲ ਐਤਵਾਰ ਵਿਆਹ ਕੀਤਾ। ਇਸਰਾਈਲ ਤੋਂ ਆਏ 'ਰੱਬੀ' ਏਰੀਅਲ ਟਾਇਸਨ ਨੇ ਵਿਆਹ ਦੀਆਂ ਰਸਮਾਂ ਕਰਵਾਈਆਂ।

## ਲੰਪੀ ਸਕਿਨ ਦੀ ਦਹਿਸ਼ਤ

**ਨਵੀਂ ਦਿੱਲੀ** : ਹਫਤੇ 'ਚ 1000 ਤੋਂ ਵੱਧ ਤਾਜ਼ਾ ਕੇਸਾਂ ਅਤੇ 100 ਪਸ਼ੂਆਂ ਦੀ ਮੌਤ ਨਾਲ ਲੰਪੀ ਸਕਿਨ ਬਿਮਾਰੀ (ਐੱਲ ਐੱਸ ਡੀ) ਇਕ ਵਾਰ ਫਿਰ ਦੇਸ਼ 'ਚ ਫੈਲਣੀ ਸ਼ੁਰੂ ਹੋ ਗਈ ਹੈ। ਪਿਛਲੇ ਸਾਲ ਇਸ ਬਿਮਾਰੀ ਨੇ ਦੇਸ਼-ਭਰ 'ਚ ਡੇਢ ਲੱਖ ਤੋਂ ਵੱਧ ਪਸ਼ੂਆਂ ਦੀ ਜਾਨ ਲੈ ਕੇ ਤਬਾਹੀ ਮਚਾਈ ਸੀ।

ਹੁਣ ਤੱਕ ਦੇਸ਼ 'ਚ ਐੱਲ ਐੱਸ ਡੀ ਦੇ ਕੇਸ 10000 ਹਨ। ਕੇਂਦਰ ਸਰਕਾਰ ਨੇ ਹਾਲਾਂਕਿ ਦਾਅਵਾ ਕੀਤਾ ਹੈ ਕਿ ਸਥਿਤੀ ਫਿਲਹਾਲ ਕਾਬੂ ਹੇਠ ਹੈ। ਅਧਿਕਾਰੀਆਂ ਨੇ ਦੱਸਿਆ ਕਿ ਉੱਤਰਾਖੰਡ, ਕਰਨਾਟਕ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਸਭ ਤੋਂ ਵੱਧ ਪ੍ਰਭਾਵਤ ਰਾਜ ਹਨ। ਰਾਜਸਥਾਨ, ਪੰਜਾਬ ਅਤੇ ਹਰਿਆਣਾ, ਜੋ ਪਿਛਲੇ ਸਾਲ ਸਭ ਤੋਂ ਵੱਧ ਪ੍ਰਭਾਵਤ ਰਾਜਾਂ 'ਚ ਸਨ, 'ਚ ਹੁਣ ਤੱਕ ਕੋਈ ਕੇਸ ਸਾਹਮਣੇ ਨਹੀਂ ਆਇਆ ਹੈ। ਕੇਂਦਰ ਸਰਕਾਰ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਸਾਰੇ ਰਾਜਾਂ ਨੂੰ ਮੌਨਸੂਨ ਸੀਜ਼ਨ ਦੌਰਾਨ ਬਿਮਾਰੀ ਦੇ ਫੈਲਣ ਦੀ ਸੰਭਾਵਨਾ ਬਾਰੇ ਪਹਿਲਾਂ ਹੀ ਚੌਕਸ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਟੀਕਾਕਰਨ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਗਏ ਹਨ।

## ਬੀਬੀਆਂ ਨੂੰ ਨਾ ਚੜ੍ਹਾਉਣ ਵਾਲਿਆਂ ਨੂੰ ਜੁਰਮਾਨਾ ਲੱਗੇਗਾ : ਭੁੱਲਰ



**ਜਲੰਧਰ (ਸ਼ੈਲੀ ਐਲਬਰਟ)**-ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੋਮਵਾਰ ਕਿਹਾ ਕਿ ਔਰਤਾਂ ਨੂੰ ਸਰਕਾਰੀ ਬੱਸਾਂ ਵਿਚ ਮੁਫਤ ਸਫਰ ਸਹੂਲਤ ਦੇਣ 'ਚ ਕੁਤਾਹੀ ਕਰਨ ਵਾਲੇ ਡਰਾਈਵਰਾਂ ਅਤੇ ਕੰਡਕਟਰਾਂ 'ਤੇ ਕਾਰਵਾਈ ਕਰਕੇ ਜੁਰਮਾਨਾ ਲਗਾਉਣ ਲਈ ਟਰਾਂਸਪੋਰਟ ਅਧਿਕਾਰੀਆਂ ਨੂੰ ਕਿਹਾ ਗਿਆ ਹੈ। ਉਨ੍ਹਾ ਕਿਹਾ ਕਿ ਕਿਸੇ ਵੀ ਬੱਸ ਸਟਾਪ 'ਤੇ ਜੇ ਮੁਫਤ ਸਫਰ ਕਰਨ ਵਾਲੀਆਂ ਸਵਾਰੀਆਂ ਖੜ੍ਹੀਆਂ ਹਨ ਤਾਂ ਬੱਸ ਚਾਲਕ ਉਨ੍ਹਾਂ ਨੂੰ ਬੱਸਾਂ 'ਚ ਬਿਠਾਉਣ ਲਈ ਯਕੀਨੀ ਬਣਾਉਣ ਲਈ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਭੁੱਲਰ ਨੇ ਸਵੇਰੇ 7.30 ਵਜੇ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਿਟੀ ਦੇ ਦਫਤਰ 'ਚ ਚੈਕਿੰਗ ਦੌਰਾਨ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਹਾਜ਼ਰੀ ਚੈੱਕ ਕੀਤੀ। ਇਸ ਉਪਰੰਤ ਰਾਮਾ ਮੰਡੀ ਚੌਕ, ਕਰਤਾਰਪੁਰ ਤੇ ਢਿੱਲਵਾਂ ਟੋਲ ਪਲਾਜ਼ਾ ਵਿਖੇ 63 ਬੱਸਾਂ ਦੇ ਕਾਗਜ਼ਾਤ ਚੈੱਕ ਕੀਤੇ ਅਤੇ ਮੌਕੇ 'ਤੇ ਹੀ 5 ਬੱਸਾਂ ਨੂੰ ਬੰਦ ਕੀਤਾ।

### ਟਿਕਟਾਂ ਨਾ ਦੇਣ ਦੇ ਦੋਸ਼ 'ਚ ਫਾਰਗ ਕਰਨ ਦੇ ਨਿਰਦੇਸ਼

**ਚੰਡੀਗੜ੍ਹ** : ਲਾਲਜੀਤ ਭੁੱਲਰ ਨੇ ਦੱਸਿਆ ਕਿ ਉੱਡਣ ਦਸਤੇ ਨੇ ਪਾਣੀਪਤ ਵਿਖੇ ਐਤਵਾਰ ਰਾਤ 11.20 ਵਜੇ ਜਲੰਧਰ ਡਿਪੂ ਦੀ ਵੋਲਵੋ ਬੱਸ ਦੀ ਚੈਕਿੰਗ ਕੀਤੀ। ਕੰਡਕਟਰ ਜਗਦੀਸ਼ ਸਿੰਘ ਨੇ ਸਵਾਰੀਆਂ ਤੋਂ 3,555 ਰੁਪਏ ਲੈ ਕੇ ਉਨ੍ਹਾਂ ਨੂੰ ਟਿਕਟਾਂ ਜਾਰੀ ਨਹੀਂ ਸਨ ਕੀਤੀਆਂ। ਕੰਡਕਟਰ ਨੂੰ ਤੁਰੰਤ ਡਿਊਟੀ ਤੋਂ ਫਾਰਗ ਕਰਨ ਲਈ ਟਰਾਂਸਪੋਰਟ ਸੈਕਟਰੀ ਨੂੰ ਨਿਰਦੇਸ਼ ਦਿੱਤੇ ਗਏ ਹਨ।

## ਅੱਜ-ਨਾਮਾ

ਵੱਡਿਆਂ ਲੋਕਾਂ ਦੇ ਵੱਡੇ ਆ ਦੋਸ਼-ਦੂਸ਼ਣ,
ਸੁਣਦਿਆਂ ਰਹਿ ਜਾਵਣ ਦੰਗ ਲੋਕ ਬੇਲੀ।
ਏਦਾਂ ਈ ਮਾਨ ਭਗਵੰਤ ਵੀ ਦੋਸ਼ ਲਾਇਆ,
ਕਰ ਗਿਆ ਚੰਨੀ ਦੇ ਵੱਲ ਉਹ ਨੋਕ ਬੇਲੀ।
ਕਹਿੰਦਾ ਸੌਦੇ ਕਰੋੜਾਂ ਵਿੱਚ ਹੋਏ ਬਾਹਲੇ,
ਭ੍ਰਿਸ਼ਟਾਚਾਰ ਸੀ ਹੁੰਦਾ ਰਿਹਾ ਥੋਕ ਬੇਲੀ।
ਸੁਣਦਿਆਂ ਸਾਰ ਹੀ ਪਿਆ ਸੀ ਭੜਕ ਚੰਨੀ,
ਮੁਕੱਦਮਾ ਕਹਿੰਦਾ ਮੈਂ ਦੇਊਂਗਾ ਠੋਕ ਬੇਲੀ।
ਵੱਡਾ ਲੀਡਰ ਆ ਜਿਹੜੇ ਨੇ ਦੋਸ਼ ਲਾਇਆ,
ਜਿਸ 'ਤੇ ਲੱਗਿਆ, ਉਹ ਵੀ ਨਾ ਘੱਟ ਬੇਲੀ।
ਮੁਕੱਦਮਾ ਬਣੇ ਤੇ ਭਾਵੇਂ ਨਹੀਂ ਬਣੇ ਬੇਸ਼ੱਕ,
ਬਣਦੀ ਸ਼ੋਹਰਤ ਤਾਂ ਦੋਵਾਂ ਲਈ ਖੱਟ ਬੇਲੀ।

-ਤੀਸ ਮਾਰ ਖਾਂ

## ਲਾਰੈਂਸ ਬਿਸ਼ਨੋਈ ਦੇ 4 ਸ਼ੂਟਰ ਗ੍ਰਿਫਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਸੋਮਵਾਰ ਟਵੀਟ ਕਰਕੇ ਦੱਸਿਆ ਕਿ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਵੱਡੀ ਕਾਰਵਾਈ ਕਰਦਿਆਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ 4 ਸ਼ੂਟਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 6 ਪਿਸਤੌਲ ਅਤੇ 26 ਕਾਰਤੂਸ ਬਰਾਮਦ ਕੀਤੇ ਹਨ।

ਮੁਲਜ਼ਮਾਂ ਖਿਲਾਫ ਕਈ ਮਾਮਲੇ ਦਰਜ ਹਨ। ਮੁਲਜ਼ਮਾਂ ਦੀ ਪਛਾਣ ਮਹਿਫੂਜ਼ ਉਰਫ ਵਿਸ਼ਾਲ ਖ਼ਾਨ ਵਾਸੀ ਸੈਦਪੁਰਾ, ਡੇਰਾ ਬੱਸੀ, ਮਨਜੀਤ ਸਿੰਘ ਉਰਫ ਗੁਰੀ ਵਾਸੀ ਖੇੜੀ ਗੁਜਰਾਂ, ਡੇਰਾਬੱਸੀ, ਅੰਕਿਤ ਵਾਸੀ ਨਰੈਣਪੁਰ, ਪੰਚਕੂਲਾ ਅਤੇ ਗੋਲਡੀ ਵਾਸੀ ਖੇੜੀ, ਪੰਚਕੂਲਾ ਵਜੋਂ ਹੋਈ ਹੈ।



23-May-PAGE-3.qxd 5/22/2023 10:33 PM Page 1



# ਪੰਜਾਬ ਖੇਤ ਮਜ਼ਦੂਰ ਸਭਾ ਦਾ ਡੈਲੀਗੇਟ ਅਜਲਾਸ ਸੰਪੰਨ

## ਕਾਮਰੇਡ ਮੁਖਤਿਆਰ ਤੇ ਬੀਬੀ ਮਨਜੀਤ ਕੌਰ ਬਾਕਰਪੁਰ ਨੇ ਕੀਤੀ ਅਜਲਾਸ ਦੀ ਪ੍ਰਧਾਨਗੀ



**ਤਰਨਤਾਰਨ (ਨਜ਼ਸ)**-ਪੰਜਾਬ ਖੇਤ ਮਜ਼ਦੂਰ ਸਭਾ ਦਾ ਡੈਲੀਗੇਟ ਅਜਲਾਸ ਸੰਪੰਨ ਹੋਇਆ ਜਿਸਦੀ ਪ੍ਰਧਾਨਗੀ ਕਾਮਰੇਡ ਮੁਖਤਿਆਰ ਸਿੰਘ ਅਲਾਦੀਨਪੁਰ ਤੇ ਬੀਬੀ ਮਨਜੀਤ ਕੌਰ ਬਾਕਰਪੁਰ ਨੇ ਕੀਤੀ। ਅਜਲਾਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਦੋਂ ਦੀ ਸੱਤਾ ਵਿੱਚ ਆਈ ਹੈ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵੱਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਨੋਟਬੰਦੀ, ਜੀਐੱਸਟੀ, ਕੋਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਖਾਣ ਪੀਣ ਵਾਲੀਆਂ ਵਸਤੂਆਂ ਦੇ ਅਸਮਾਨੀਂ ਚੜ੍ਹੇ ਭਾਅ ਗਰੀਬ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਮੋਦੀ ਸਰਕਾਰ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਹਿਸ-ਨਹਿਸ ਕਰ ਕੇ ਦੇਸ਼ ਨੂੰ ਤਾਨਾਸ਼ਾਹੀ ਰਾਜ ਵੱਲ ਲਿਜਾ ਰਿਹਾ ਹੈ। ਆਮ ਜਨਤਾ, ਖੇਤ ਮਜ਼ਦੂਰ, ਕਿਸਾਨ, ਮਨਰੇਗਾ ਕਾਮੇ, ਨੌਜਵਾਨਾਂ, ਔਰਤਾਂ ਅਤੇ ਛੋਟੇ ਕਾਰੋਬਾਰੀ ਲੋਕਾਂ ਦੀਆਂ ਜਾਇਜ਼ ਮੰਗਾਂ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ। ਦੇਸ਼ ਦਾ ਸਰਮਾਇਆ ਅਡਾਨੀਆਂ, ਅੰਬਾਨੀਆਂ ਨੂੰ ਲੁਟਾਇਆ ਜਾ ਰਿਹਾ ਹੈ। ਦੇਸ਼ ਵਿੱਚ 35 ਫੀਸਦੀ ਅਬਾਦੀ ਦਲਿਤ ਲੋਕਾਂ ਦੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਖੇਤ ਮਜ਼ਦੂਰ ਹਨ। ਮਸ਼ੀਨੀਕਰਨ ਹੋਣ ਕਰਕੇ ਗਰੀਬ ਲੋਕਾਂ ਦਾ ਰੋਜ਼ਗਾਰ ਛੁੱਟ ਗਿਆ। ਸਰਕਾਰ ਨੇ ਇਨ੍ਹਾਂ ਕਾਮਿਆਂ ਲਈ ਕਿਸੇ ਬਦਲਵੇਂ ਕੰਮ ਦਾ ਪ੍ਰਬੰਧ ਨਹੀਂ ਕੀਤਾ। ਇਨਾਂ ਮਜ਼ਦੂਰਾਂ ਲਈ ਮਨਰੇਗਾ ਇੱਕ ਸਹਾਰਾ ਸੀ। ਮੋਦੀ ਸਰਕਾਰ ਨੇ ਮਨਰੇਗਾ ਵਰਕਰਾਂ ਦੇ ਬਜਟ ਵਿੱਚ ਕਟੌਤੀ ਕਰਕੇ ਗਰੀਬ ਲੋਕਾਂ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਇਨ੍ਹਾਂ ਖੇਤ ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਦਿੱਲੀ ਦੇ ਜੰਤਰ-ਮੰਤਰ ਵਿਖੇ ਦੇਸ਼ ਵਿਆਪੀ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਮਨਰੇਗਾ ਕਾਮਿਆਂ ਨੂੰ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਸੱਤ ਸੌ ਰੁਪਏ ਦਿਤੀ ਜਾਵੇ ਅਤੇ ਕੀਤੇ ਹੋਏ ਕੰਮ ਦਾ ਭੁਗਤਾਨ ਪੰਦਰਾ ਦਿਨ ਦੇ ਅੰਦਰ ਅੰਦਰ ਕੀਤਾ ਜਾਵੇ। ਉਨ੍ਹਾਂ ਪਿੰਡਾਂ ਦੇ ਕਾਮੇ ਲੋਕਾਂ ਨੂੰ ਰੈਲੀ ਵਿੱਚ ਪੁੱਜਣ ਦੀ ਅਪੀਲ ਕੀਤੀ। ਇਸ ਮੌਕੇ 21 ਮੈਂਬਰੀ ਏਰੀਆ ਕਮੇਟੀ ਦੀ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਕੁਲਵੰਤ ਸਿੰਘ ਜੋਧਪੁਰ, ਜਰਨਲ ਸਕੱਤਰ ਰੁਪਿੰਦਰ ਕੌਰ ਬਾਕੀਪੁਰ, ਮੀਤ ਪ੍ਰਧਾਨ ਮਖਤਿਆਰ ਸਿੰਘ ਅਲਾਦੀਨਪੁਰ, ਪ੍ਰੀਤ ਕਾਜ਼ੀਕੋਟ, ਮੀਤ ਸਕੱਤਰ ਮੁਖਤਿਆਰ ਸਿੰਘ ਤਰਨ ਤਾਰਨ, ਜਗਤਾਰ ਸਿੰਘ ਸਰਹਾਲੀ ਖੁਰਦ, ਕੈਸ਼ੀਅਰ ਸਤਪਾਲ ਕੌਰ ਤਰਨ ਤਾਰਨ ਆਦਿ ਚੁਣੇ ਗਏ। ਹੋਰਨਾਂ ਤੋਂ ਇਲਾਵਾ ਕਾਮਰੇਡ ਬਲਵਿੰਦਰ ਸਿੰਘ ਠੇਕੇਦਾਰ, ਕਾਮਰੇਡ ਸੁਲੱਖਣ ਸਿੰਘ ਗੰਡੀਵਿੰਡ, ਜਗੀਰ ਕੌਰ ਮਾਣੋਚਾਹਲ, ਨਰਿੰਦਰ ਕੌਰ ਤਰਨ ਤਾਰਨ ਆਦਿ ਨੇ ਸੰਬੋਧਨ ਕੀਤਾ।

# ਸੁਸ਼ੀਲ ਰਿੰਕੂ ਦੀ ਵੱਡੀ ਜਿੱਤ 'ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਕਰਵਾਇਆ ਸ਼ੁਕਰਾਨਾ ਸਮਾਗਮ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਹਾਲ ਹੀ ਵਿੱਚ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿੱਚ ਜੇਤੂ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੀ ਵੱਡੀ ਜਿੱਤ ਦੀ ਖ਼ੁਸ਼ੀ ਵਿੱਚ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਵੱਲੋਂ ਜੰਡਿਆਲਾ ਗੁਰੂ ਸਥਿਤ ਗੁਰਦੁਆਰਾ ਬਾਬਾ ਹੁੰਦਾਲ ਸਾਹਿਬ ਵਿਖੇ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੰਬੋਧਨ ਕਰਦੇ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਦੀ ਜਿੱਤ ਹੈ ਅਤੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ ਹੋ ਕੇ ਵੋਟਾਂ ਪਾਈਆਂ। ਉਨ੍ਹਾਂ ਕਿਹਾ ਕਿ ਇਕ ਪਾਸੇ ਵੱਡੀਆਂ ਧਨਾਢ ਪਾਰਟੀਆਂ ਨੇ ਜੋਰ ਲਗਾਇਆ ਅਤੇ ਆਪਣੀ ਪੂਰੀ ਵਾਹ ਮੈਨੂੰ ਹਰਾਉਣ ਉਤੇ ਲਗਾ ਦਿੱਤੀ, ਪਰ ਆਮ ਲੋਕਾਂ ਦੀ ਵੋਟ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਫਤਵਾ ਦੇ ਕੇ ਜਿੱਤ ਦੇ ਝੰਡੇ ਗੱਡ ਦਿੱਤੇ। ਉਨ੍ਹਾਂ ਇਸ ਜਿੱਤ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਵੱਲੋਂ ਆਪਣੇ ਹਮਾਇਤੀਆਂ ਨਾਲ ਕੀਤੇ ਚੋਣ ਪ੍ਰਚਾਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਸ ਸਦਕਾ ਉਹ ਹਲਕਾ ਕਰਤਾਰਪੁਰ, ਜਿਸ ਦੀ ਕਮਾਨ ਹਰਭਜਨ ਸਿੰਘ ਦੀ ਟੀਮ ਨੇ ਸੰਭਾਲੀ ਸੀ, ਵਿਚੋਂ ਦਸ ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤ ਮਿਲੀ।

ਇਸ ਮੌਕੇ ਕੈਬਨਿਟ ਮੰਤਰੀ ਈ ਟੀ ਓ ਨੇ ਜਲੰਧਰ ਚੋਣ ਪ੍ਰਚਾਰ ਵਿੱਚ ਪੁੱਜੇ ਹਰ ਨੇਤਾ ਅਤੇ ਵਰਕਰ ਦਾ ਧੰਨਵਾਦ ਕਰਦੇ ਕਿਹਾ ਕਿ ਇਹ ਜੰਗ ਦੇਸ਼ ਦੀ ਵਾਗਡੋਰ ਦਾ ਫੈਸਲਾ ਕਰੇਗੀ ਅਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਕੇਂਦਰ ਵਿੱਚ ਤੁਹਾਡੀ ਸਰਕਾਰ ਹੋਵੇਗੀ। ਉਨ੍ਹਾਂ ਕਿਹਾ ਕਿ ਇਕ ਸਾਲ ਦੇ ਅਰਸੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਕੰਮ ਕਰਕੇ ਵਿਖਾ ਦਿੱਤੇ ਹਨ ਉਹ ਪਾਰਟੀਆਂ 70 ਸਾਲਾਂ ਵਿੱਚ ਵੀ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਤੁਹਾਡੇ ਵੱਲੋਂ ਮਿਲੇ ਪਿਆਰ ਨੇ ਪਾਰਟੀ ਨੂੰ ਹੋਰ ਕੰਮ ਕਰਨ ਦੀ ਜ਼ਿਮੇਵਾਰੀ ਦਿੱਤੀ ਹੈ, ਜਿਸ ਨੂੰ ਅਸੀਂ ਸਾਰੇ ਬਾਖੂਬੀ ਨਿਭਾਵਾਂਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀ ਹਰ ਕੋਸ਼ਿਸ਼ ਪੰਜਾਬ ਨੂੰ ਪੈਰਾਂ ਸਿਰ ਕਰਨ ਦੀ ਹੈ ਅਤੇ ਤੁਹਾਡਾ ਸਾਥ ਸਾਡੀ ਤਾਕਤ ਵਜੋਂ ਇਹ ਕੰਮ ਪੂਰਾ ਕਰਨ ਲਈ ਸਾਡੇ ਨਾਲ ਹੈ। ਇਸ ਮੌਕੇ ਜਥੇਦਾਰ ਗੁਰਬਚਨ ਸਿੰਘ,ਬਾਬਾ ਪਰਮਾਨੰਦ, ਜੀਵਨਜੋਤ ਕੌਰ ਵਿਧਾਇਕ ਅੰਮ੍ਰਿਤਸਰ ਪੂਰਬੀ, ਡਾ. ਜਸਬੀਰ ਸਿੰਘ ਵਿਧਾਇਕ ਅੰਮ੍ਰਿਥਸਰ ਪੱਛਮੀ, ਬਰਿੰਦਰ ਗੋਇਲ ਵਿਧਾਇਕ ਲਹਿਰਾਗਾਗਾ, ਬਲਕਾਰ ਸਿੰਘ ਵਿਧਾਇਕ ਕਰਤਾਰਪੁਰ,ਮਨਵਿੰਦਰ ਸਿੰਘ ਗਿਆਸਪੁਰਾ ਵਿਧਾਇਕ ਪਾਇਲ, ਲਾਭ ਸਿੰਘ ਉਗੋਕੇ ਵਿਧਾਇਕ ਭਦੌੜ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਕੰਵਰ ਵਿਜੈਪ੍ਰਤਾਪ ਸਿੰਘ ਵਿਧਾਇਕ ਅੰਮ੍ਰਿਤਸਰ ਉੱਤਰੀ, ਸੈਰੀ ਕਲਸੀ ਵਿਧਾਇਕ ਬਟਾਲਾ, ਚੇਅਰਮੈਨ ਵੇਅਰਹਾਊਸਿੰਗ ਗੁਰਦੇਵ ਸਿੰਘ ਲਾਖਣਾ, ਚੇਅਰਮੈਨ ਵਾਟਰ ਸਪਲਾਈ ਰਣਜੀਤ ਸਿੰਘ ਚੀਮਾ, ਚੇਅਰਮੈਨ ਜਸਪ੍ਰੀਤ ਸਿੰਘ, ਚੈਅਰਮੈਨ ਰਜੀਵ ਸ਼ਰਮਾ, ਗੁਰਸ਼ਰਨ ਕਪੂਰ, ਜੁਆਇੰਟ ਸਕੱਤਰ ਆਪ ਪੰਜਾਬ, ਕਪੂਰਥਲਾ, ਚੇਅਰਮੈਨ ਰਜਿੰਦਰ ਉਸਮਾ, ਚੇਅਰਮੈਨ ਗੁਰਵਿੰਦਰ ਬਿਹੜਵਾਲ, ਵਾਰਡ ਪ੍ਰਧਾਨ, ਬਲਾਕ ਪ੍ਰਧਾਨ, ਵਰਕਰ ਸਾਹਿਬਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਗੁਰਦੁਆਰਾ ਸਾਹਿਬ ਸਥਾਪਤ

**ਮਜੀਠਾ (ਸੋਇਮ ਆਨੰਦ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਮਜੀਠਾ ਦੇ ਕੰਪਲੈਕਸ ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਤਿਆਰ ਕਰਕੇ ਇਸ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਸੁਸ਼ੋਭਿਤ ਕਰਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿੱਚ ਇਲਾਕੇ ਵਿਚੋਂ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਉਪਰੰਤ ਗੁਰਦਾਸਪੁਰ ਤੋਂ ਭਾਈ ਜੀਤ ਸਿੰਘ ਦੇ ਨਿਸ਼ਕਾਮ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਅਤੇ ਨਾਮ ਸਿਮਰਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਣ ਦਾ ਯਤਨ ਕੀਤਾ। ਇਸ ਗੁਰਦੁਆਰਾ ਸਾਹਿਬ ਵਿੱਚ ਗਰੰਥੀ ਸਿੰਘ ਹਰ ਰੋਜ਼ ਸਵੇਰੇ ਨਿਤਨੇਮ ਕਰਿਆ ਕਰਨਗੇ ਅਤੇ ਸ਼ਾਮ ਵਕਤ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸੁਖਆਸਨ ਕਰਿਆ ਕਰਨਗੇ। ਸਾਰਾ ਦਿਨ ਗੁਰਦੁਆਰਾ ਸਾਹਿਬ ਸੰਗਤਾਂ ਵਾਸਤੇ ਖੁੱਲਾ ਰਿਹਾ ਕਰੇਗਾ। ਕੋਈ ਵੀ ਸ਼ਰਧਾਲੂ ਗੁਰਦੁਆਰਾ ਸਾਹਿਬ ਆ ਕੇ ਨਤਮਸਤਕ ਹੋ ਸਕਦਾ ਹੈ ਅਤੇ ਨਿਤਨੇਮ ਕਰ ਸਕਦਾ ਹੈ। ਇਸ ਸਮਾਗਮ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਸਮੂਹ ਦੇ ਐਮਡੀ ਡਾ: ਮੰਗਲ ਸਿੰਘ ਕਿਸ਼ਨਪੁਰੀ, ਜਥੇਦਾਰ ਮਨਜੀਤ ਸਿੰਘ ਹਮਜਾ, ਡਾ: ਦਿਲਬਾਗ ਸਿੰਘ ਧੰਜੂ ਮੁੱਖ ਖੇਤੀਬਾੜੀ ਅਫਸਰ ਰਿਟਾ:, ਮੋਨਾ ਕੌਰ ਪ੍ਰਿੰਸੀਪਲ ਸਰਕਾਰੀ ਸੀਨੀ: ਸੈਕੰ: ਸਕੂਲ ਮਜੀਠਾ, ਕੌਂਸਲਰ ਨਵਦੀਪ ਸਿੰਘ ਸੋਨਾ, ਭਾਜਪਾ ਆਗੂ ਪਰਮਜੀਤ ਸਿੰਘ ਪੰਮਾ ਪ੍ਰਧਾਨ, ਸੁਖਜਿੰਦਰ ਸਿੰਘ ਬਿੱਟੂ ਪ੍ਰਧਾਨ, ਕਵੀਸ਼ਰ ਜਗਤਾਰ ਸਿੰਘ ਜੱਗਾ ਜੱਟ, ਭਾਈ ਮਨਜੀਤ ਸਿੰਘ ਜੇਠੂਵਾਲ, ਸਕੂਲ ਦੇ ਮੁੱਖ ਪ੍ਰਬੰਧਕ ਹਰਜਿੰਦਰਪਾਲ ਕੌਰ, ਸਕੂਲ ਪ੍ਰਿੰ. ਅਮਰਪ੍ਰੀਤ ਕੌਰ, ਪ੍ਰਿੰ. ਅਮਨਦੀਪ ਕੌਰ, ਜਸਪਾਲ ਸਿੰਘ ਗਿੱਲ ਮਜੀਠਾ, ਪ੍ਰਿਥੀਪਾਲ ਸਿੰਘ ਸਿੱਧੂ, ਪ੍ਰਿੰ. ਸੋਇਮ ਆਨੰਦ, ਸਕੂਲ ਦੇ ਸਮੂਹ ਸਟਾਫ ਮੈਂਬਰ, ਬੱਚਿਆਂ ਦੇ ਮਾਪੇ ਅਤੇ ਬੱਚੇ ਵੀ ਹਾਜ਼ਰ ਸਨ। ਚੇਅਰਮੈਨ ਜਸਪਿੰਦਰ ਸਿੰਘ ਕਾਹਲੋਂ ਨੇ ਆਈਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਸੰਗਤਾਂ ਵਾਸਤੇ ਗੁਰੂ ਦੇ ਅਤੁੱਟ ਲੰਗਰ ਲਗਾਏ ਗਏ।




# ਸੇਮ ਨਾਲੇ ਦੀ ਸਾਫ-ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਲੋਕ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਪਿੰਡ ਸਾਧੂਚੱਕ ਨੇੜੇ ਸੜਕ ਵਿਚਕਾਰੋਂ ਵਗਦੇ ਸੇਮ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਰਕੇ ਉਸ ਵਿਚ ਲੰਬੀ-ਲੰਬੀ ਜੜੀ ਬੂਟੀ ਉੱਗੀ ਪਈ ਹੈ। ਇਸ ਕਰਕੇ ਵਰਖੇ ਦਿਨਾਂ ਵਿਚ ਪਾਣੀ ਦਾ ਸਹੀ ਨਿਕਾਸ ਨਹੀਂ ਹੁੰਦਾ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਵਾ ਵਾਸੀ ਸ਼ੇਰ ਸਿੰਘ, ਗੁਰਮੀਤ ਸਿੰਘ, ਮਨਪ੍ਰੀਤ ਸਿੰਘ ਅਤੇ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਇਹ ਸੇਮ ਨਾਲਾ ਪਿੱਛੋਂ ਸਾਹੋਵਾਲ ਵਾਲੇ ਪਾਸਿਉਂ ਆਉਂਦਾ ਹੋਇਆ ਸੜਕ ਪਾਰ ਕਰਕੇ ਕਲਾਨੌਰ ਵਾਲੀ ਸਾਈਡ ਨੂੰ ਚਲਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸੇਮ ਨਾਲੇ ਵਿਚ ਲੰਬਾ-ਲੰਬਾ ਘਾਹ ਅਤੇ ਜੰਗਲੀ ਬੂਟੀ ਉੱਗੀ ਪਈ ਹੈ ਜਿਸ ਕਰਕੇ ਇਥੇ ਹਰ ਸਮੇਂ ਗੰਦਗੀ ਦੀ ਭਰਮਾਰ ਰਹਿੰਦੀ ਹੈ। ਇਸ ਗੰਦਗੀ ਨਾਲ ਭਿਆਨਕ ਬਿਮਾਰੀ ਫੈਲਣ ਦਾ ਖਦਸ਼ਾ ਰਹਿੰਦਾ ਹੈ।

ਇਲਾਕਾ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਇਸ ਨਾਲੇ ਦੀ ਬਰਸਾਤਾਂ ਦੇ ਦਿਨਾਂ ਤੋਂ ਪਹਿਲਾਂ-ਪਹਿਲਾਂ ਸਫ਼ਾਈ ਤੇ ਡੂੰਘਾਈ ਕਰਵਾਈ ਜਾਵੇ ਤਾਂ ਜੋ ਪਾਣੀ ਦਾ ਨਿਕਾਸ ਸਹੀ ਤਰੀਕੇ ਨਾਲ ਹੋ ਸਕੇ।

## ਜਨਮ ਦਿਨ ਮੁਬਾਰਕ



ਸਾਨਵੀ, ਜਲੰਧਰ

# ਪੰਚਮ ਪਾਤਸ਼ਾਹ ਦੀ ਸ਼ਹੀਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਧਾਰੀਵਾਲ ਅਤੇ ਸ੍ਰੀ ਗੁਰੂ ਅਰਜਨ ਦੇਵ ਸੇਵਕ ਜੱਥਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪੰਜਵੇਂ ਪਾਤਸਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਆਰੰਭ ਹੋ ਕੇ ਪਿੰਡ ਅਹਿਮਦਾਬਾਦ, ਦੀਨਪੁਰ, ਗੁਰਦੁਆਰਾ ਬਾਬਾ ਮੋਤੀ ਰਾਮ ਮਹਿਰਾ ਪਿੰਡ ਫੱਜੂਪੁਰ, ਫੱਜੂਪੁਰ ਚੌਂਕ, ਸ਼ਹਿਰ ਧਾਰੀਵਾਲ ਦੀ ਨਵੀਂ ਅਬਾਦੀ, ਬੱਸ ਸਟੈਂਡ, ਮੁੱਖ ਬਜ਼ਾਰ ਚੋਂ ਹੁੰਦਾ ਹੋਇਆ ਨਹਿਰ ਦੀ ਪੱਟੜੀ ਰਾਹੀਂ ਪੁਰਾਣਾ ਧਾਰੀਵਾਲ ਤੋਂ ਹੋ ਕੇ ਆਰੰਭਿਕ ਸਥਾਨ ਤੇ ਸਮਾਪਤ ਹੋਇਆ। ਇਸ ਦੌਰਾਨ ਗੁਰਮਤਿ ਪ੍ਰਚਾਰ ਲਹਿਰ ਗਤਕਾ ਜਥਾ ਧਾਰੀਵਾਲ ਦੇ ਜਥੇਦਾਰ ਪ੍ਰਦੀਪ ਸਿੰਘ ਸੇਵਕ ਸਮੇਤ ਗਤਕਾ ਖਿਡਾਰੀਆਂ ਨੇ ਗਤਕੇ ਦੇ ਜੌਹਰ ਵਿਖਾਏ। ਨਗਰ ਕੀਰਤਨ 'ਚ ਸੇਵਾ ਸੁਸਾਇਟੀ ਦੇ ਪ੍ਰਧਾਨ ਡਾ. ਗੁਰਜਿੰਦਰ ਸਿੰਘ ਸੰਧੂ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਬਲਦੇਵ ਸਿੰਘ ਨਿਮਾਣਾ, ਹਰਭਜਨ ਸਿੰਘ ਭਾਟੀਆ, ਦੀਦਾਰ ਸਿੰਘ, ਇੰਜ.ਸੁਲੱਖਣ ਸਿੰਘ ਬੋਪਾਰਾਏ, ਭਾਈ ਗੁਰਦੇਵ ਸਿੰਘ, ਭਾਈ ਜਸਵਿੰਦਰ ਸਿੰਘ ਕਲੇਰ, ਬੂਆ ਸਿੰਘ, ਜਥੇਦਾਰ ਨਿਰਵੈਰ ਸਿੰਘ, ਜਸਪਾਲ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ, ਸੰਤੋਖ ਸਿੰਘ, ਪਰਮਜੀਤ ਸਿੰਘ ਜੌਹਲ, ਸੁਖਦੇਵ ਸਿੰਘ ਜਫ਼ਰਵਾਲ, ਐੱਸਡੀਓ ਲਖਵਿੰਦਰ ਸਿੰਘ ਪੰਨੂੰ, ਅਮਰਜੀਤ ਸਿੰਘ ਗੁਣੀਆਂ, ਹਰਵਿੰਦਰ ਸਿੰਘ, ਬਲਦੇਵ ਸਿੰਘ ਸੱਭਰਵਾਲ, ਕੁੰਨਣ ਸਿੰਘ, ਸੁਖਵੰਤ ਸਿੰਘ, ਕਸ਼ਮੀਰ ਸਿੰਘ, ਗੁਰਜੀਤ ਸਿੰਘ, ਪਲਵਿੰਦਰ ਸਿੰਘ ਸਾਬੀ, ਕੇਵਲ ਸਿੰਘ, ਦਿਲਬਾਗ ਸਿੰਘ, ਅਮਰੀਕ ਸਿੰਘ ਖਹਿਰਾ, ਮੈਨੇਜਰ ਭਗਵੰਤ ਸਿੰਘ, ਬਾਪੂ ਜੋਗਿੰਦਰ ਸਿੰਘ, ਮਾਸਟਰ ਜੋਗਿੰਦਰ ਸਿੰਘ, ਦਲਜੀਤ ਸਿੰਘ, ਗੇਜਾ ਸਿੰਘ, ਗੁਰਨਾਮ ਸਿੰਘ, ਪ੍ਰਿੰਸੀਪਲ ਹਰਦੀਪ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਬਾਜਵਾ, ਜਗਦੀਪ ਸਿੰਘ, ਮੈਨੇਜਰ ਸੁਰਜੀਤ ਸਿੰਘ, ਚਰਨਜੀਤ ਸਿੰਘ, ਮਾਸਟਰ ਲਾਭ ਸਿੰਘ, ਗੁਰਮੁੱਖ ਸਿੰਘ, ਰਘਵਿੰਦਰ ਸਿੰਘ, ਗੁਰਮੇਜ ਸਿੰਘ ਆਦਿ ਸਮੇਤ ਇਲਾਕੇ ਦੀਆਂ ਸੰਗਤਾਂ ਵੱਡੀ ਤਾਦਾਦ ਵਿੱਚ ਸ਼ਾਮਲ ਸਨ।

# ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਸ਼ੀਲ ਕੁਮਾਰ ਸਮੇਤ 16 ਪਿੰਡਾਂ ਦੇ ਸਰਪੰਚਾਂ ਨੇ 'ਆਪ' ਦਾ ਪੱਲਾ ਫੜਿਆ



**ਪਠਾਨਕੋਟ (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਵਿੱਚ ਆਮ ਆਦਮੀ ਪਾਰਟੀ ਨੂੰ ਮਜ਼ਬੂਤੀ ਮਿਲੀ ਹੈ। ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਸ਼ੀਲ ਕੁਮਾਰ ਸਮੇਤ 16 ਪਿੰਡਾਂ ਦੇ ਮੌਜੂਦਾ ਸਰਪੰਚ ਆਮ ਆਦਮੀ ਪਾਰਟੀ ਦੇ ਪਰਿਵਾਰ ਵਿੱਚ ਸ਼ਾਮਲ ਹੋਏ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਪਿੰਡ ਕਟਾਰੂਚੱਕ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਸ਼ੀਲ ਕੁਮਾਰ ਤੋਂ ਇਲਾਵਾ ਵੱਖ-ਵੱਖ 16 ਪਿੰਡਾਂ ਦੇ ਸਰਪੰਚ ਜਿਨ੍ਹਾਂ ਵਿੱਚ ਰਜਿੰਦਰ ਸਿੰਘ ਭਿੱਲਾ ਸਰਪੰਚ ਬਨੀਲੋਧੀ, ਸੋਹਣ ਲਾਲ ਸਰਪੰਚ ਭਟੋਆ ਸਾਬਕਾ ਬਲਾਕ ਪ੍ਰਧਾਨ ਕਾਂਗਰਸ ਕਮੇਟੀ, ਕਮਲਾ ਸਰਪੰਚ ਜਗਤਪੁਰ ਜੱਟਾਂ, ਕਿਰਨ ਬਾਲਾ ਸਰਪੰਚ ਪਿੰਡ ਚੌਹਾਨ, ਅਸ਼ਵਨੀ ਕੁਮਾਰ ਸਰਪੰਚ ਪਿੰਡ ਚਸ਼ਮਾ, ਅਭਿਸ਼ੇਕ ਸ਼ਰਮਾ ਸਰਪੰਚ ਸੁੰਦਰ ਚੱਕ, ਪੁਰਸ਼ੋਤਮ ਲਾਲ ਸਰਪੰਚ ਨਕੋਲੀ, ਰਾਕੇਸ਼ ਕੁਮਾਰ ਸਰਪੰਚ ਸੈਦੋਵਾਲ, ਸ਼ੁਭਲਤਾ ਸਰਪੰਚ ਰਾਜੀ, ਬੋਧਰਾਜ ਸਰਪੰਚ ਬੇਹਦੋਚੱਕ, ਭਜਨ ਲਾਲ ਸਰਪੰਚ ਫਤਿਹਪੁਰ, ਬੂਟਾ ਰਾਮ ਸਰਪੰਚ ਜਕਰੋਰ, ਪਰਵੀਨ ਕੁਮਾਰ ਸਰਪੰਚ ਮਸਤਪੁਰ, ਰਾਜ ਕੁਮਾਰ ਸਰਪੰਚ ਲਾੜ੍ਹੀ 318, ਸੁਖਦੇਵ ਸਿੰਘ ਮੈਂਬਰ ਲਾੜ੍ਹੀ 318, ਜਸਵੰਤ ਸਿੰਘ ਸਾਬਕਾ ਚੇਅਰਮੈਨ ਨਰੋਟ ਜੈਮਲ ਸਿੰਘ ਆਦਿ ਸ਼ਾਮਲ ਸਨ। ਇਸ ਮੌਕੇ ਸੰਬੋਧਨ ਕਰਦਿਆਂ ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਲੋਕ ਹਿੱਤ ਲਈ ਕੰਮ ਕਰਦੀ ਹੈ ਅਤੇ ਪਾਰਟੀ ਦੀ ਲੋਕਪ੍ਰਿਯਤਾ ਵਧਦੀ ਦੇਖ ਕੇ ਹੀ ਵੱਖ-ਵੱਖ ਪਾਰਟੀਆਂ ਦੇ ਅਹੁਦੇਦਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਕਾਰਜਕਰਤਾ ਵਿਜੈ ਕੁਮਾਰ ਕਟਾਰੂਚੱਕ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ, ਖੁਸ਼ਬੀਰ ਕਾਟਲ , ਬਲਾਕ ਪ੍ਰਧਾਨ ਕੁਲਵੰਤ ਸਿੰਘ, ਕੁਲਦੀਪ ਸਿੰਘ ਬਲਾਕ ਪ੍ਰਧਾਨ, ਤਰਸੇਮ ਸਿੰਘ ਸਾਬਕਾ ਸਰਪੰਚ ਤਾਰਾਗੜ੍ਹ, ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।




23-May-PAGE-4.qxd 5/22/2023 10:39 PM Page 1

ਨਵਾਂ ਜ਼ਮਾਨਾ
ਮੰਗਲਵਾਰ, 23 ਮਈ 2023

# ਫੋਕੇ ਫਾਇਰ

*ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਬੈਂਚ ਨੇ ਇੱਕ ਫ਼ੈਸਲੇ ਰਾਹੀਂ ਕਿਹਾ ਸੀ ਕਿ ਜਨਤਾ ਦੁਆਰਾ ਚੁਣੀ ਗਈ ਦਿੱਲੀ ਸਰਕਾਰ ਕੋਲ ਸਾਰੀਆਂ ਪ੍ਰਸ਼ਾਸਨਿਕ ਸੇਵਾਵਾਂ ਦਾ ਅਧਿਕਾਰ ਹੋਵੇਗਾ, ਇਸ ਵਿੱਚ ਉਪ ਰਾਜਪਾਲ ਦਖ਼ਲ ਨਹੀਂ ਦੇ ਸਕੇਗਾ। ਸੁਪਰੀਮ ਕੋਰਟ ਦੇ ਇਸ ਇਤਿਹਾਸਕ ਫ਼ੈਸਲੇ ਨੂੰ ਮੋਦੀ ਸਰਕਾਰ ਨੇ ਅਗਲੇ ਦਿਨ ਹੀ ਇੱਕ ਆਰਡੀਨੈਂਸ ਜਾਰੀ ਕਰਕੇ ਬਦਲ ਦਿੱਤਾ।*

*ਕਰਨਾਟਕ ਚੋਣਾਂ ਵਿੱਚ ਮੋਦੀ ਦੀ ਕਰਾਰੀ ਹਾਰ ਨੇ ਦੇਸ਼ ਦੀ ਰਾਜਨੀਤੀ ਦੀ ਦਿਸ਼ਾ ਬਦਲ ਦਿੱਤੀ ਹੈ। ਰਾਜਨੀਤੀ ਦੀ ਕਮਾਂਡ ਪਿਛਲੇ 9 ਸਾਲਾਂ ਤੋਂ ਭਾਜਪਾ ਤੇ ਸੰਘ ਦੇ ਕੋਲ ਰਹੀ ਸੀ। ਕਰਨਾਟਕ ਚੋਣਾਂ ਨੇ ਇਸ ਸਥਿਤੀ ਨੂੰ ਬਦਲ ਦਿੱਤਾ। ਇਸ ਸਮੇਂ ਰਾਜਨੀਤਕ ਮੈਦਾਨ ਵਿੱਚ ਵਿਰੋਧੀ ਧਿਰਾਂ ਭਾਜਪਾ ਉੱਤੇ ਹਾਵੀ ਹੁੰਦੀਆਂ ਦਿਸ ਰਹੀਆਂ ਹਨ। ਮੋਦੀ ਦਾ ਇਹ ਅਜ਼ਮਾਇਆ ਨੁਸਖਾ ਹੈ ਕਿ ਅਜਿਹੇ ਮੌਕੇ ਉੱਤੇ ਉਹ ਕੋਈ ਅਜਿਹਾ ਮੁੱਦਾ ਸਾਹਮਣੇ ਲੈ ਆਉਂਦੇ ਹਨ, ਜਿਹੜਾ ਵਿਰੋਧੀ ਧਿਰਾਂ ਦੇ ਮੁੱਦੇ ਤੋਂ ਵੱਧ ਅਹਿਮੀਅਤ ਲੈ ਲਵੇ। ਇੰਜ ਉਹ ਨਵਾਂ ਬਿਰਤਾਂਤ ਸਿਰਜ ਕੇ ਰਾਜਨੀਤੀ ਦੀ ਕਮਾਂਡ ਫਿਰ ਆਪਣੇ ਹੱਥ ਲੈਣ ਦੀ ਕੋਸ਼ਿਸ਼ ਕਰਦੇ ਹਨ। ਇਸ ਕੰਮ ਵਿੱਚ ਗੋਦੀ ਮੀਡੀਆ ਉਨ੍ਹਾ ਲਈ ਪੂਰਾ ਸਹਾਈ ਹੁੰਦਾ ਹੈ।*

*ਕਰਨਾਟਕ ਤੋਂ ਬਾਅਦ ਜੋ ਸਥਿਤੀ ਬਣ ਗਈ ਸੀ, ਉਹ ਮੋਦੀ ਤੇ ਉਨ੍ਹਾ ਦੀ ਸਰਕਾਰ ਦੇ ਪੱਖ ਵਿੱਚ ਨਹੀਂ ਸੀ। ਮੋਦੀ ਸਾਹਿਬ ਨੇ ਕਰਨਾਟਕ ਚੋਣਾਂ ਵਿੱਚ ਪੂਰੀ ਕਮਾਂਡ ਆਪਣੇ ਹੱਥ ਵਿੱਚ ਲੈ ਕੇ ਚੋਣਾਂ ਲੜੀਆਂ ਸਨ। ਚੋਣਾਂ ਵਿੱਚ ਹਾਰ ਨੇ ਉਨ੍ਹਾ ਦੀ ਛਵੀ ਤਾਰ-ਤਾਰ ਕਰ ਦਿੱਤੀ ਸੀ। ਜਨਤਾ ਵਿੱਚ ਇਹ ਗੱਲ ਪਹੁੰਚ ਰਹੀ ਸੀ ਕਿ ਪ੍ਰਧਾਨ ਮੰਤਰੀ ਮੋਦੀ ਦੀ ਹੁਣ ਆਪਣੀ ਤਾਕਤ ਨਾਲ ਚੋਣ ਜਿਤਾਉਣ ਦੀ ਹੈਸੀਅਤ ਨਹੀਂ ਰਹੀ। ਭਾਜਪਾ ਵੀ ਸਦਾ ਇਹੋ ਪ੍ਰਚਾਰ ਕਰਦੀ ਰਹੀ ਹੈ ਕਿ ਮੋਦੀ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ। ਹੁਣ ਜੇਕਰ ਮੋਦੀ ਨਾਂਅ ਦਾ ਸਿੱਕਾ ਹੀ ਖੋਟਾ ਹੋ ਜਾਵੇ ਤਾਂ ਭਾਜਪਾ ਨੂੰ ਬਚਾਉਣਾ ਮੁਸ਼ਕਲ ਹੈ। ਇਸੇ ਕਰਕੇ ਇਸ ਬਣ ਰਹੇ ਬਿਰਤਾਂਤ ਨੂੰ ਬਦਲਣ ਲਈ ਤੁਰੰਤ ਦੋ ਮੁੱਦਿਆਂ ਦੀਆਂ ਸ਼ਤਰੰਜੀ ਚਾਲਾਂ ਚੱਲੀਆਂ ਗਈਆਂ। ਇੱਕ ਦੋ ਹਜ਼ਾਰ ਦੇ ਨੋਟਾਂ ਨੂੰ ਬੰਦ ਕਰਨ ਵਾਲਾ ਤੇ ਦੂਜਾ ਦਿੱਲੀ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਮਿਲੀਆਂ ਸ਼ਕਤੀਆਂ ਨੂੰ ਖੋਹ ਲੈਣ ਲਈ ਆਰਡੀਨੈਂਸ ਜਾਰੀ ਕਰਨ ਵਾਲਾ।*

*ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਵਾਲੇ ਇਹ ਭੁੱਲ ਗਏ ਹਨ ਕਿ ਹੁਣ ਸਮਾਂ ਬਦਲ ਚੁੱਕਾ ਹੈ। ਦੋ ਹਜ਼ਾਰ ਦੇ ਨੋਟਾਂ ਨੂੰ ਬੰਦ ਕਰਨ ਬਾਰੇ ਜਨਤਾ ਦੀ ਤਿੱਖੀ ਪ੍ਰਤੀਕ੍ਰਿਆ ਸੋਸ਼ਲ ਮੀਡੀਆ 'ਤੇ ਦੇਖੀ ਜਾ ਸਕਦੀ ਹੈ।*

*ਜਿੱਥੋਂ ਤੱਕ ਆਰਡੀਨੈਂਸ ਰਾਹੀਂ ਦਿੱਲੀ ਸਰਕਾਰ ਨੂੰ ਅਦਾਲਤ ਵੱਲੋਂ ਮਿਲੀਆਂ ਸ਼ਕਤੀਆਂ ਨੂੰ ਖੋਹ ਕੇ ਉਪ ਰਾਜਪਾਲ ਨੂੰ ਸੌਂਪਣ ਦਾ ਮਾਮਲਾ ਹੈ, ਉਸ ਨੇ ਵਿਰੋਧੀ ਦਲਾਂ ਨੂੰ ਇੱਕ ਹੋਣ ਦਾ ਸੁਨਹਿਰੀ ਮੌਕਾ ਦੇ ਦਿੱਤਾ ਹੈ। ਸਭ ਤੋਂ ਪਹਿਲਾਂ ਉਸ ਕਾਂਗਰਸ ਪਾਰਟੀ ਨੇ ਦਿੱਲੀ ਦੀ ਚੁਣੀ ਸਰਕਾਰ ਦੇ ਹੱਕ ਵਿੱਚ ਬਿਆਨ ਦਿੱਤਾ, ਜਿਸ ਨੇ ਕੇਜਰੀਵਾਲ ਨੂੰ ਕਰਨਾਟਕ ਦੇ ਸਹੁੰ ਚੁੱਕ ਸਮਾਗਮ ਵਿੱਚ ਨਹੀਂ ਸੱਦਿਆ ਸੀ। ਕਾਂਗਰਸ ਨੇ ਆਪਣੇ ਬਿਆਨ ਵਿੱਚ ਆਰਡੀਨੈਂਸ ਦੀ ਨਿੰਦਾ ਕਰਦਿਆ ਕਿਹਾ ਕਿ ਇਹ ਸੰਵਿਧਾਨਕ ਸਿਧਾਂਤਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ।*

*ਬਾਕੀ ਪਾਰਟੀਆਂ ਨੇ ਵੀ ਇੱਕ-ਇੱਕ ਕਰਕੇ ਇਸ ਆਰਡੀਨੈਂਸ ਦੀ ਵਿਰੋਧਤਾ ਕੀਤੀ ਹੈ। ਇਨ੍ਹਾਂ ਵਿੱਚ ਰਾਜਦ, ਜਨਤਾ ਦਲ (ਯੂ), ਤ੍ਰਿਣਮੂਲ ਕਾਂਗਰਸ, ਮਾਰਕਸੀ ਪਾਰਟੀ ਤੇ ਨੈਸ਼ਨਲ ਕਾਨਫ਼ਰੰਸ ਸ਼ਾਮਲ ਹਨ।*


*ਇਸੇ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਭ ਵਿਰੋਧੀ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਵੱਲੋਂ ਲਿਆਂਦਾ ਗਿਆ ਆਰਡੀਨੈਂਸ ਜਦੋਂ ਬਿੱਲ ਦੇ ਤੌਰ ਉੱਤੇ ਪਾਸ ਹੋਣ ਆਏ ਤਾਂ ਰਾਜ ਸਭਾ ਵਿੱਚ ਹਰਾ ਦਿੱਤਾ ਜਾਵੇ। ਉਨ੍ਹਾ ਕਿਹਾ ਕਿ ਉਨ੍ਹਾ ਦੀ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨਾਲ ਮੁਲਾਕਾਤ ਹੋ ਚੁੱਕੀ ਹੈ। ਮਮਤਾ ਬੈਨਰਜੀ ਨੂੰ ਮਿਲਣ ਲਈ ਉਹ ਕੋਲਕਾਤਾ ਜਾ ਰਹੇ ਹਨ। ਉਨ੍ਹਾ ਕਿਹਾ ਕਿ ਸੰਵਿਧਾਨ ਨੂੰ ਬਚਾਉਣ ਦੇ ਇਸ ਮੁੱਦੇ ਉੱਤੇ ਉਹ ਆਉਂਦੇ ਦਿਨੀਂ ਸਭ ਵਿਰੋਧੀ ਪਾਰਟੀਆਂ ਦੇ ਮੁਖੀਆਂ ਨੂੰ ਮਿਲ ਕੇ ਇਕੱਠੇ ਕਰਨ ਦੀ ਕੋਸ਼ਿਸ਼ ਕਰਨਗੇ। ਉਨ੍ਹਾ ਕਿਹਾ ਕਿ ਉਹ ਆਸ ਕਰਦੇ ਹਨ ਕਿ ਤਾਨਾਸ਼ਾਹੀ ਹਾਕਮਾਂ ਨੂੰ ਹਾਰ ਦੇਣ ਲਈ ਲੋਕਤੰਤਰ ਦੇ ਸਭ ਹਾਮੀ ਇਕਮੁੱਠ ਹੋਣਗੇ।*

## ਬੰਦੇ ਦੀ ਪਹਿਚਾਣ

*ਬੰਦਾ ਵੇਚੇ ਜਦ ਆਪਣਾ ਇਮਾਨ ਲੋਕੋ,*
*ਮਿੱਟ ਜਾਂਦੀ ਫਿਰ ਰੁਤਬੇ ਦੀ ਸ਼ਾਨ ਲੋਕੋ।*
*ਧਨ ਜਾਇਦਾਦ ਕੁਝ ਨਾਲ ਨਹੀਂ ਜਾਂਦਾ,*
*ਨਾਲ ਜਾਂਦੀ ਸਿਰਫ ਪਹਿਚਾਣ ਲੋਕੋ।*
*ਗਲਤ ਕੰਮਾਂ ਦਾ ਹੁੰਦਾ ਗਲਤ ਨਤੀਜਾ,*
*ਫਿਟਕਾਰਾਂ ਪਾਉਂਦਾ ਸਾਰਾ ਜਹਾਨ ਲੋਕੋ।*
*ਹਰਾਮ ਦੀ ਕਮਾਈ ਕਦੇ ਨਹੀਂ ਫਲਦੀ,*
*ਜ਼ਿੰਦਗੀ 'ਚ ਮਚ ਜਾਂਦਾ ਘਮਸਾਣ ਲੋਕੋ।*
*ਗਰੂਰ, ਫਤੂਰ ਸਭ ਸਿਰੋਂ ਲਹਿ ਜਾਂਦਾ,*
*ਮੁੱਠੀ ਵਿੱਚ ਆਉਂਦੀ ਜਦ ਜਾਨ ਲੋਕੋ।*
*'ਨਵਦੀਪ' ਮੌਕਾ ਵੇਖ ਸਭ ਕਰਨ ਟਿੱਚਰਾਂ,*
*ਫੜੀ ਨਹੀਂ ਜਾਂਦੀ ਕਿਸੇ ਦੀ ਜ਼ੁਬਾਨ ਲੋਕੋ।*
*ਖਾਲੀ ਹੱਥ ਆਇਆ ਤੇ ਖਾਲੀ ਤੁਰ ਜਾਂਦਾ,*
*ਸੁਆਹ ਬਣ ਜਾਂਦਾ 'ਚ ਸ਼ਮਸ਼ਾਨ ਲੋਕੋ।*

*-ਨਵਦੀਪ ਸਿੰਘ ਭਾਟੀਆ, 98767-29056*

# ਭਾਜਪਾ ਤੋਂ ਬਜਰੰਗ ਬਲੀ ਵੀ ਨਰਾਜ਼



ਸੁੱਚਾ ਸਿੰਘ ਖੱਟੜਾ

ਫਾਸ਼ੀਵਾਦ ਵਿਰੁੱਧ ਲੜਾਈ ਸਫ਼ਲ ਹੋਣੀ ਹਾਲੇ ਦੂਰ ਹੈ, ਪਰ ਕਰਨਾਟਕ ਦੀ ਵਿਧਾਨ ਸਭਾ ਚੋਣ ਦੇ ਨਤੀਜਿਆਂ ਤੋਂ ਕੁਝ ਸਬਕ ਸਿੱਖਣ ਨੂੰ ਮਿਲੇ ਹਨ। ਸਮਝਣਾ ਜ਼ਰੂਰੀ ਹੈ ਕਿ ਫਾਸ਼ੀਵਾਦ ਦਾ ਅਸਲ ਰੂਪ ਹਾਲੇ ਲੋਕਾਂ ਨੇ ਵੇਖਿਆ ਹੀ ਨਹੀਂ। ਆਰ ਐੱਸ ਐੱਸ ਦਾ ਸਿਆਸੀ ਸੰਗਠਨ ਭਾਜਪਾ ਹੈ, ਅੱਗੋਂ ਭਾਜਪਾ ਨੇ ਫਾਸ਼ੀਵਾਦ ਦੀਆਂ ਛੋਟੀਆਂ-ਛੋਟੀਆਂ ਝਾਕੀਆਂ ਵਿਖਾਉਣ ਲਈ ਬਜਰੰਗ ਦਲ, ਗਊ ਰੱਖਿਆ ਦਲ ਆਦਿ ਦਰਜਨਾਂ ਸੰਗਠਨ ਬਣਾ ਰੱਖੇ ਹਨ। ਵੇਖਣ ਨੂੰ ਇਹ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਹਨ, ਪਰ ਜਦੋਂ ਜਬਰੀ ਵਸੂਲੀ ਦਾ ਮਸਲਾ ਆਉਂਦਾ ਹੈ ਤਾਂ ਕੋਈ ਵੀ ਆੜੇ ਆ ਸਕਦਾ ਹੈ। ਭਾਜਪਾ ਦੀਆਂ ਪ੍ਰਾਂਤਕ ਸਰਕਾਰਾਂ ਜਦੋਂ ਵਿਆਹ-ਸ਼ਾਦੀਆਂ ਤੱਕ ਨੂੰ ਵੱਖਰੇ ਸੂਬਾਈ ਕਾਨੂੰਨ ਅਧੀਨ ਲੈ ਲੈਂਦੀਆਂ ਹਨ, ਹਿਜਾਬ ਸੰਬੰਧੀ ਪ੍ਰਾਂਤਕ ਸਰਕਾਰ ਤੋਂ ਵੀ ਹੇਠਾਂ ਵਿਭਾਗੀ ਪੱਤਰਾਂ ਅਧੀਨ ਲਿਆਂਦਾ ਜਾਂਦਾ ਹੈ ਤਾਂ ਇਹ ਹੌਲੀ-ਹੌਲੀ ਸਰਕਾਰੀ ਨੀਤੀ ਦਾ ਰੂਪ ਧਾਰਦਾ ਹੋਇਆ ਜੀਵਨ ਦੇ ਹਰ ਖੇਤਰ ਨੂੰ ਆਪਣੀ ਲਪੇਟ ਵਿੱਚ ਲੈਣ ਵੱਲ ਵਧਦਾ ਹੈ। ਫਿਰ ਅਜਿਹੀ ਨੀਤੀ ਨੂੰ ਧਾਰਮਿਕ ਚੋਲਾ ਪਾਉਣਾ ਪੈਂਦਾ ਹੈ।

ਭਾਜਪਾ ਦੀ ਕਰਨਾਟਕ ਹਾਰ ਲਈ ਅਜਿਹੇ ਮੁੱਦੇ ਅਤੇ ਬਜਰੰਗ ਦਲ ਵਰਗੇ ਦਲ ਕਾਰਨ ਨਹੀਂ ਹਨ। ਇਨ੍ਹਾ ਦੀ ਭੂਮਿਕਾ ਇਹੀ ਰਹੀ ਕਿ ਇਹ ਭਾਜਪਾ ਨੂੰ ਹਾਰ ਤੋਂ ਬਚਾਉਣ ਲਈ ਕੋਈ ਭੂਮਿਕਾ ਨਹੀਂ ਨਿਭਾਅ ਸਕੇ। ਮੋਦੀ ਵੱਲੋਂ ਬਜਰੰਗ ਬਲੀ ਦਾ ਬਜਰੰਗ ਦਲ ਦੇ ਨਾਂਅ ਪੇਟੈਂਟ ਕਰਕੇ ਫਿਰ ਬਜਰੰਗ ਬਲੀ ਦੇ ਨਾਂਅ ਉੱਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਅਤੇ ਧਰੁਵੀਕਰਣ ਕਰਨਾ ਮੁਕੰਮਲ ਤੌਰ 'ਤੇ ਅਸਫ਼ਲ ਰਿਹਾ ਹੈ। ਗੌਰ ਕਰਨਾ ਬਣਦਾ ਹੈ ਕਿ ਲੋਕਾਂ ਦੀ ਆਸਥਾ ਦੇ ਇੰਨੇ ਮਹਾਨ ਦੇਵਤੇ 'ਤੇ ਨਾਂਅ ਉੱਤੇ ਲੋਕਾਂ ਦਾ ਭਾਜਪਾ ਲਈ ਧਰੁਵੀਕਰਨ ਕਿਉਂ ਨਹੀਂ ਹੋਇਆ? ਇਸ ਦਾ ਇਹ ਅਰਥ ਨਹੀਂ ਕਿ ਲੋਕਾਂ ਦੀ ਬਜਰੰਗ ਬਲੀ ਵਿੱਚ ਆਸਥਾ ਨਹੀਂ ਰਹੀ ਜਾਂ ਘਟ ਗਈ ਹੈ। ਆਸਥਾ ਜਿਉਂ ਦੀ ਤਿਉਂ ਹੈ। ਨਰਿੰਦਰ ਮੋਦੀ ਵੱਲੋਂ ਬਜਰੰਗ ਬਲੀ ਦੀ ਵਰਤੋਂ ਦਾ ਲੋਕਾਂ ਨੇ ਬੱਸ ਮੰਤਵ ਬੁੱਝ ਲਿਆ। ਮੰਤਵ ਸੀ ਭਾਜਪਾ ਦੀ ਕਰਨਾਟਕ ਸਰਕਾਰ ਦੀ ਹਰ ਖੇਤਰ ਵਿੱਚ ਮਾੜੀ ਕਾਰਗੁਜ਼ਾਰੀ ਤੋਂ ਲੋਕਾਂ ਦਾ ਧਿਆਨ ਲਾਂਭੇ ਕਰਨਾ। 40 ਪ੍ਰਤੀਸ਼ਤ ਕਮਿਸ਼ਨ ਦੇ ਕਲੰਕ ਨੂੰ ਛੁਪਾਉਣਾ ਨਰਿੰਦਰ ਮੋਦੀ ਬਜਰੰਗ ਬਲੀ ਦੀ ਵੋਟਾਂ ਲਈ ਨੰਗੀ-ਚਿੱਟੀ ਵਰਤੋਂ ਨਾਲ ਕਰਨਾਟਕ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾ ਸਕਦਾ ਸੀ, ਜੇਕਰ ਉਸ ਦੀ ਆਪਣੀ ਕੇਂਦਰ ਸਰਕਾਰ ਦੀਆਂ ਹੀ ਕੋਈ ਚਕਾਚੌਂਧ ਪ੍ਰਾਪਤੀਆਂ ਹੁੰਦੀਆਂ। ਉਹ ਵੀ ਨਹੀਂ ਹਨ। ਇਸ ਤੋਂ ਸਾਫ਼ ਲਗਦਾ ਹੈ ਕਿ ਭਾਜਪਾ 2024 ਦੀਆਂ ਆਮ ਚੋਣਾਂ ਵਿੱਚ ਵੀ ਬੈਕ ਫੁੱਟ ਉੱਤੇ ਹੀ ਖੇਡ ਸਕੇਗੀ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਧਾਰਮਿਕ ਅਪੀਲ ਦੱਖਣ ਵਿੱਚ ਬੇਅਸਰ ਹੋ ਸਕਦੀ ਸੀ, ਉੱਤਰ ਭਾਰਤ ਵਿੱਚ ਧਾਰਮਿਕ ਅਪੀਲ ਬੇਅਸਰ ਨਹੀਂ ਰਹਿਣੀ। ਇੱਥੋਂ ਦੇ ਲੋਕ ਵਧੇਰੇ ਅੰਧ-ਵਿਸ਼ਵਾਸੀ ਅਤੇ ਅਨਪੜ੍ਹ ਹਨ। ਭਾਜਪਾ ਦੇ ਅੰਧ ਭਗਤ ਵੀ ਹਨ। ਫਿਰ ਇਸ ਦੀ ਕਾਟ ਕੀ ਰਹੇਗੀ?

ਛਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ ਵਿਸ਼ੇਸ਼ ਤੌਰ 'ਤੇ ਇੱਕ ਲਿਟਮਸ ਟੈਸਟ ਹੋਣ ਵਾਲਾ ਹੈ। ਇਹ ਲਿਟਮਸ ਟੈਸਟ ਭਾਜਪਾ ਦਾ ਵੀ ਹੈ ਕਿ ਕੀ ਉਹ ਧਾਰਮਿਕ ਪੱਤੇ ਨੂੰ ਆਪਣੀ ਚੋਣ ਮੁਹਿੰਮ ਵਿੱਚ ਸਫ਼ਲਤਾ ਨਾਲ ਵਰਤ ਸਕੇਗੀ? ਕਾਂਗਰਸ ਕਿਉਂਕਿ ਤਿੰਨਾਂ ਪ੍ਰਾਂਤਾਂ ਵਿੱਚੋਂ ਇੱਕੋ-ਇੱਕ ਵਿਰੋਧੀ ਪਾਰਟੀ ਹੈ, ਦੋ ਪ੍ਰਾਂਤਾਂ ਵਿੱਚ ਤਾਂ ਉਸ ਦੀਆਂ ਹੀ ਸਰਕਾਰਾਂ ਹਨ। ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਤਿੰਨਾਂ ਪ੍ਰਾਂਤਾਂ ਵਿੱਚ ਧਾਰਮਿਕ ਮੁੱਦੇ ਦੀ ਵਰਤੋਂ ਦੀਆਂ ਸੰਭਾਵਨਾਵਾਂ ਘੱਟ ਹਨ, ਪਰ ਬਜਰੰਗ ਦਲ ਦੀਆਂ ਕਰਤੂਤਾਂ ਨੂੰ ਕਾਂਗਰਸ ਜੇਕਰ ਚਤੁਰਾਈ ਨਾਲ ਵਰਤਣਾ ਚਾਹੀ ਤਾਂ ਵਰਤੋਂ ਕੀਤੀ ਜਾ ਸਕਦੀ ਹੈ। ਭਾਜਪਾ ਲਈ ਹੁਣ ਬਜਰੰਗ ਬਲੀ ਤੱਤਾ ਚਿਮਟਾ ਹੈ, ਉਹ ਇਸ ਦੀ ਵਰਤੋਂ ਸ਼ਾਇਦ ਹੀ ਕਰ ਸਕੇ। ਇਹ ਵੀ ਸੰਭਾਵਨਾ ਹੈ ਅਤੇ ਪ੍ਰਬਲ ਸੰਭਾਵਨਾ ਹੈ ਕਿ ਜੇਕਰ ਭਾਜਪਾ ਦੇ ਆਗੂ ਧਾਰਮਿਕ ਮੁੱਦੇ ਚੁੱਕਦੇ ਵੀ ਹਨ ਤਾਂ ਉਨ੍ਹਾ ਮੁੱਦਿਆਂ ਨੂੰ ਹੁਲਾਰੇ ਨਾਲ ਹੇਠਾਂ ਜਨ ਸਧਾਰਨ ਤੱਕ ਪਹੁੰਚਾਉਣ ਵਾਲੇ ਹੁਣ ਪਹਿਲਾਂ ਵਾਂਗ ਉਤਸ਼ਾਹਤ ਨਹੀਂ ਮਿਲਣਗੇ। ਇਹ ਇਸ ਕਰਕੇ ਹੈ ਕਿ ਲੋਕਾਂ ਦੇ ਆਰਥਿਕ ਮੁੱਦਿਆਂ ਨੂੰ ਕਾਂਗਰਸ ਵੱਲੋਂ ਦ੍ਰਿੜ੍ਹਤਾ ਨਾਲ ਚੋਣਾਂ ਦੇ ਕੇਂਦਰੀ ਮੁੱਦੇ ਬਣਾਈ ਰੱਖਣ ਨਾਲ ਆਮ ਜਨਤਾ ਨੂੰ ਆਰਥਿਕ ਮੁੱਦੇ ਵਧੇਰੇ ਆਪਣੇ ਲਗਦੇ ਹਨ। ਬਜਰੰਗ ਬਲੀ ਆਸਥਾ ਵਿੱਚ ਤਾਂ ਹੈ, ਦਿਲਾਂ ਵਿੱਚ ਹੈ, ਪਰ ਵੋਟ ਲਈ ਨਿਰਣਾਇਕ ਨਾ ਰਿਹਾ। ਸਬਕ ਹੈ ਕਿ ਫਾਸ਼ੀਵਾਦ ਵਿਰੁੱਧ ਸੰਘਰਸ਼ ਦੋ ਪੱਧਰਾਂ ਉੱਤੇ ਬਰਾਬਰ ਹੋਣਾ ਚਾਹੀਦਾ ਹੈ। ਇੱਕ ਪਾਸੇ ਧਰਮ ਦੀ ਫ਼ਾਸ਼ੀਵਾਦ ਲਈ ਵਰਤੋਂ ਨੂੰ ਧਰਮ ਦਾ ਹੀ ਨਿਖੇਧ ਸਾਬਤ ਕਰਦੇ ਜਾਣਾ ਅਤੇ ਦੂਜੇ ਪਾਸੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕਰਨ ਵਾਲੇ ਆਰਥਿਕ ਮਸਲੇ ਪੈਦਾ ਕਰਨ ਵਾਲੇ ਉਹੀ ਲੋਕ ਹੁੰਦੇ ਹਨ, ਜਿਹੜੇ ਧਾਰਮਿਕ ਮੁੱਦੇ ਖੜੇ ਕਰਦੇ ਹਨ। ਚੋਣ ਪ੍ਰਚਾਰ ਦੇ ਤਿੰਨ-ਚਾਰ ਹਫ਼ਤਿਆਂ ਦੇ ਮੰਥਨ ਵਿੱਚੋਂ ਜੇਕਰ ਇਹ ਪ੍ਰਾਪਤੀ ਹੈ ਤਾਂ ਕਲਪਨਾ ਕਰੋ ਜੇਕਰ ਇਸ ਮੰਥਨ ਨੂੰ ਲਗਾਤਾਰਤਾ ਮਿਲੇ ਤਾਂ ਜਲਦੀ ਹੀ ਲੋਕਾਂ ਨੂੰ ਫ਼ਾਸ਼ੀਵਾਦ ਦੇ ਇੱਕ ਹਥਿਆਰ (ਧਰਮ) ਤੋਂ ਮੁਕਤੀ ਮਿਲ ਸਕਦੀ ਹੈ। ਬੱਸ ਖਿਆਲ ਇਹ ਰੱਖਣਾ ਹੈ ਕਿ ਲੋਕਾਂ ਦੇ ਧਰਮ ਅਤੇ ਧਾਰਮਿਕ ਆਸਥਾ ਨੂੰ ਬਰਕਰਾਰ ਰੱਖਦਿਆਂ ਇਸ ਦੀ ਵਰਤੋਂ ਦੇ ਮੰਤਵ ਨੂੰ ਅਤੇ ਅਜਿਹਾ ਕਰਨ ਵਾਲਿਆਂ ਨੂੰ ਬੇਪੜਦ ਕਰਨਾ ਹੈ। ਕੇਵਲ ਆਰਥਿਕ ਮੁੱਦਿਆਂ ਉੱਤੇ ਲੋਕਾਂ ਦੀ ਲਾਮਬੰਦੀ ਅਤੇ ਮੋਰਚਿਆਂ ਵਿੱਚ ਲੋਕਾਂ ਦੀ ਸ਼ਮੂਲੀਅਤ ਦੇ ਬਾਵਜੂਦ ਉਨ੍ਹਾ ਹੀ ਲੋਕਾਂ ਦਾ ਮੁੜ ਉਸੇ ਫੰਦੇ ਵਿੱਚ ਮੁੜ ਫਸਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਇਨ੍ਹਾਂ ਚੋਣਾਂ ਦਾ ਪਹਿਲਾ ਅਤੇ ਸਭ ਤੋਂ ਵੱਡਾ ਸਬਕ ਹੈ।

ਦੂਜਾ ਸਬਕ ਇਹ ਹੈ ਕਿ ਚੋਣਾਂ ਜਿੱਤਣ ਲਈ ਵਾਅਦੇ ਸੰਕਲਪ ਅਤੇ ਗਰੰਟੀਆਂ ਦੇ ਮੁਕਾਬਲਿਆਂ ਦੇ ਤਾਜ਼ੇ-ਤਾਜ਼ੇ ਸਿੱਟੇ ਜੋ ਵੀ ਹੋਣ, ਇਨ੍ਹਾਂ ਦੇ ਲੋਕ ਮਨਾਂ ਉਤੇ ਪ੍ਰਭਾਵ ਵੀ ਪੜ੍ਹਨੇ ਚਾਹੀਦੇ ਹਨ। ਇਨ੍ਹਾਂ ਦੀ ਸੀਮਾ ਛੂਹ ਕੇ ਕੀ ਕਰੋਗੇ? ਕੀ ਇਹ ਮੁਕਾਬਲੇ ਆਉਣ ਵਾਲੀ ਹਰ ਚੋਣ ਵਿੱਚ ਇੰਝ ਹੀ ਹੁੰਦੇ ਰਹਿਣਗੇ? ਅੱਜਕੱਲ੍ਹ ਇਸ ਦੌੜ ਨੂੰ ਸਹੀ ਸਾਬਤ ਕਰਨ ਲਈ ਭਾਜਪਾ ਸਰਕਾਰ ਵੱਲੋਂ ਸਰਮਾਏਦਾਰਾਂ ਦੇ 10 ਲੱਖ ਕਰੋੜ ਤੋਂ ਵਧੇਰੇ ਕਰਜ਼ੇ ਵੱਟੇ-ਖਾਤੇ ਪਾ ਕੇ ਮਾਫ਼ ਕਰਨ ਅਤੇ ਹੋਰ ਹਜ਼ਾਰਾਂ ਕਰੋੜਾਂ ਰੁਪਿਆਂ ਦੇ ਕਰਜ਼ੇ ਲੈ ਕੇ ਵਿਦੇਸ਼ੀਂ ਦੌੜ ਗਿਆਂ ਦੇ ਹਵਾਲੇ ਦੇ ਕੇ ਗਰੀਬਾਂ ਅਤੇ ਹੁਣ ਤਾਂ ਸਭ ਦੇ ਖਾਤਿਆਂ ਵਿੱਚ ਮਹੀਨਾਵਾਰ ਇੱਕ ਹਜ਼ਾਰ ਤੋਂ ਤਿੰਨ ਹਜ਼ਾਰ ਤੱਕ ਜਮ੍ਹਾਂ ਕਰਾਉਣ ਨੂੰ ਸਹੀ ਸਾਬਤ ਕੀਤਾ ਜਾ ਰਿਹਾ ਹੈ। ਵੱਡਿਆਂ ਨੂੰ ਅਤੇ ਆਮ ਲੋਕਾਂ ਨੂੰ ਜੋ ਵੀ ਦਿੱਤਾ ਜਾਂਦਾ ਜਾਂ ਦਿੱਤਾ ਜਾਣ ਵਾਲਾ ਹੈ, ਇਸ ਦੀ ਵਿਆਖਿਆ ਉਤੇ ਅਲੱਗ ਲਿਖਣਾ ਬਣਦਾ ਹੈ। ਉਂਝ ਦਿੱਤੀ ਜਾਣ ਵਾਲੀ ਵਿਆਖਿਆ ਅਧੂਰੀ ਅਤੇ ਨਿਹਾਇਤ ਡੰਗ-ਟਪਾਊ ਹੈ। ਪੁਰਾਣੀ ਪੈਨਸ਼ਨ ਸਕੀਮ ਅਤੇ ਹੋਰ ਹਰ ਪੈਨਸ਼ਨ ਸਕੀਮ ਨੂੰ ਇਸ ਮੁੱਦੇ ਤੋਂ ਬਾਹਰ ਰੱਖਣਾ ਹੈ। ਇਨ੍ਹਾਂ ਚੋਣ ਨਤੀਜਿਆਂ ਦਾ ਅਗਲਾ ਸਬਕ ਇਹ ਹੈ ਕਿ ਜਦੋਂ ਕਿਸੇ ਆਗੂ ਦੀ ਗੱਲ ਤਰਕ ਜਾਂ ਤੱਥ ਹਲਕਾ ਪੈ ਜਾਵੇ ਤਾਂ ਭਾਸ਼ਾ ਅਤੇ ਮੁਦਰਾ ਜਿਹੋ ਜਿਹੀ ਮਰਜ਼ੀ ਅਪਣਾ ਲਓ, ਪ੍ਰਭਾਵ ਘਟ ਜਾਂਦਾ ਹੈ। ਕਰਨਾਟਕ ਚੋਣਾਂ ਵਿੱਚ ਮੋਦੀ ਅਤੇ ਅਮਿਤ ਸ਼ਾਹ ਨਾਲ ਇਹੀ ਵਾਪਰ ਗਿਆ ਹੈ ਅਤੇ ਇਨ੍ਹਾਂ ਦਾ ਪ੍ਰਭਾਵ ਹੁਣ ਘਟਦਾ ਹੀ ਜਾਵੇਗਾ। ਭਾਜਪਾ ਵਾਲੇ ਜਿਹੜੀ ਕਮਜ਼ੋਰੀ ਧੱਕੇ ਨਾਲ ਰਾਹੁਲ ਗਾਂਧੀ ਦੀ ਸ਼ਖਸੀਅਤ ਨਾਲ ਚਿਪਕਾਉਣ ਦਾ ਯਤਨ ਕਰਦੇ ਸਨ, ਉਹ ਕਮਜ਼ੋਰੀ ਹੁਣ ਮੋਦੀ ਅਤੇ ਅਮਿਤ ਸ਼ਾਹ ਨਾਲ ਸੁਤੇ ਸਿੱਧ ਚਿਪਕ ਹੀ ਗਈ ਹੈ, ਕਿਉਂਕਿ ਆਰਥਿਕ ਅਤੇ ਧਾਰਮਿਕ ਦੋਵਾਂ ਮੋਰਚਿਆਂ ਉੱਤੇ ਇਨ੍ਹਾ ਯੂ ਟਰਨ ਲੈਣਾ ਨਹੀਂ। ਗੱਲਾਂ ਵਿੱਚ ਵਜ਼ਨ ਭਰਨਾ ਨਹੀਂ। ਉਂਝ ਇਹ ਗੱਲ ਹਰ ਇੱਕ ਨਾਲ ਵਾਪਰਨੀ ਹੈ। ਫਿਲਹਾਲ ਮੋਦੀ ਅਤੇ ਸ਼ਾਹ ਇਸ ਦੇ ਲਪੇਟੇ ਵਿੱਚ ਆਏ ਹਨ।

ਸਬਕ ਤਾਂ ਹੋਰ ਵੀ ਹਨ, ਪਰ ਕੇਵਲ ਕਾਂਗਰਸ ਲਈ ਸਬਕ ਦਾ ਜ਼ਿਕਰ ਹੀ ਕਰਨਾ ਹੈ। ਕਰਨਾਟਕ ਦੀ ਜਿੱਤ ਵਿੱਚ ਕਰਨਾਟਕ ਦੇ ਲੋਕਾਂ ਦੀ ਭਾਜਪਾ ਸਰਕਾਰ ਪ੍ਰਤੀ ਨਰਾਜ਼ਗੀ ਅਤੇ ਕਾਂਗਰਸ ਦੀਆਂ ਪੰਜ ਗਰੰਟੀਆਂ ਦਾ ਬਰਾਬਰ-ਬਰਾਬਰ ਹਿੱਸਾ ਹੈ। ਕਾਂਗਰਸ ਨੇ ਹੁਣ ਛਤੀਸਗੜ੍ਹ ਅਤੇ ਰਾਜਸਥਾਨ ਨੂੰ ਬਚਾਉਣਾ ਹੈ ਅਤੇ ਮੱਧ ਪ੍ਰਦੇਸ਼ ਨੂੰ ਹਥਿਆਉਣਾ ਹੈ। ਹਿਮਾਚਲ ਅਤੇ ਕਰਨਾਟਕ ਦੀਆਂ ਦੋਵਾਂ ਸਰਕਾਰਾਂ ਨੂੰ ਆਪਣੇ-ਆਪਣੇ ਸੂਬੇ ਦੀਆਂ ਪਹਿਲੀਆਂ ਸਰਕਾਰਾਂ ਤੋਂ ਮਾਣ ਕਰਨਯੋਗ ਵੱਖਰਤਾ ਸਥਾਪਤ ਕਰਨੀ ਹੋਵੇਗੀ। ਭਾਜਪਾ ਦੇ ਧਰੁਵੀਕਰਨ ਦੇ ਹਰ ਯਤਨ ਨੂੰ ਅਰੰਭ ਉਤੇ ਹੀ ਭਾਜਪਾ ਉਤੇ ਉਲਟਾਉਣਾ ਹੋਵੇਗਾ। ਕੇਂਦਰ ਸਰਕਾਰ ਵਿਰੁੱਧ 10 ਸਾਲ ਦੀ ਸਥਾਪਨਾ ਵਿਰੋਧੀ ਲਹਿਰ ਲਈ ਕੰਮ ਕਰਦੇ ਕਾਰਨਾਂ ਨੂੰ ਅਤੇ ਆਪਣੀਆਂ ਪ੍ਰਾਪਤੀਆਂ ਅਤੇ ਵਾਅਦੇ/ਗਰੰਟੀਆਂ ਨੂੰ ਚੋਣ ਮੁੱਦੇ ਲਗਾਤਾਰ ਬਣਾ ਕੇ ਰੱਖਣੇ ਹੋਣਗੇ। ਅਜਿਹੇ ਚੋਣ ਪ੍ਰਚਾਰ ਦਾ ਲਾਭ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਮਿਲੇਗਾ।

ਉੱਤਰ ਭਾਰਤ ਵੱਲ ਵਧਦਿਆਂ ਅਯੁੱਧਿਆ ਅਤੇ ਮਥਰਾ ਕਿਸੇ ਨਾ ਕਿਸੇ ਰੂਪ ਵਿੱਚ ਖੇਡੇ ਜਾਣਗੇ। ਕਾਂਗਰਸ ਦੀ ਚੌਕਸੀ ਰਹੀ ਤਾਂ ਸਪੱਸ਼ਟ ਹੈ ਕਿ ਜੇਕਰ ਦੱਖਣੀ ਭਾਰਤ ਵਿੱਚ ਬਜਰੰਗ ਬਲੀ ਨੇ ਭਾਜਪਾ ਵੱਲ ਪਿੱਠ ਕੀਤੀ ਹੈ ਤਾਂ ਉੱਤਰੀ ਭਾਰਤ ਵਿੱਚ ਰਾਮ ਅਤੇ ਕ੍ਰਿਸ਼ਨ ਵੀ ਭਾਜਪਾ ਉੱਤੇ ਕ੍ਰਿਪਾ ਨਹੀਂ ਕਰਨਗੇ।

**# ਸੰਪਰਕ : 94176-52947**

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

**ਰਜਵਿੰਦਰ ਪਾਲ ਸ਼ਰਮਾ**

ਸੱਚਾਈ ਅਤੇ ਇਨਸਾਫ ਦੇ ਰਸਤੇ 'ਤੇ ਚੱਲਣ ਦਾ ਰਸਤਾ ਸੂਲੀ ਵੱਲ ਜਾਂਦਾ ਹੈ। ਅਜਿਹੇ ਰਸਤਿਆਂ 'ਤੇ ਕੰਡੇ ਹੁੰਦੇ ਹਨ, ਜਿਨ੍ਹਾਂ 'ਤੇ ਤੁਰ ਕੇ ਸੱਚ ਦੀ ਖੁਸ਼ੀ ਮਨਾਈ ਜਾ ਸਕਦੀ ਹੈ, ਪਰ ਇਹ ਹਰ ਇੱਕ ਵਿਅਕਤੀ ਦੇ ਵੱਸ ਦੀ ਗੱਲ ਨਹੀਂ। ਜਿਸ ਤਰ੍ਹਾਂ ਬਾਲ ਗੋਬਿੰਦ ਰਾਏ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ ਕਿਸੇ ਮਹਾਂਪੁਰਖ ਦੇ ਬਲੀਦਾਨ ਦੀ ਜ਼ਰੂਰਤ ਹੈ, ਫਿਰ ਹੀ ਔਰੰਗਜ਼ੇਬ ਦੇ ਜ਼ੁਲਮ ਨੂੰ ਨਕੇਲ ਪਾਈ ਜਾ ਸਕਦੀ ਹੈ, ਬਿਲਕੁਲ ਉਸੇ ਤਰ੍ਹਾਂ ਜ਼ੁਲਮ ਦੇ ਵਿਰੁੱਧ ਅਤੇ ਸੱਚਾਈ ਦੀ ਖਾਤਰ ਬਲੀਦਾਨ ਦੇਣ ਵਾਲਾ ਮਹਾਂਪੁਰਖ ਹੀ ਹੁੰਦਾ ਹੈ।

ਪੰਜਾਬ ਦੀ ਧਰਤੀ ਯੋਧੇ ਅਤੇ ਸੂਰਬੀਰਾਂ ਦੀ ਧਰਤੀ ਹੈ। ਪ੍ਰੋ. ਪੂਰਨ ਸਿੰਘ ਦੇ ਅਨੁਸਾਰ ਪੰਜਾਬ ਗੁਰਾਂ ਦੇ ਨਾਂਅ 'ਤੇ ਜਿਉਂਦਾ ਹੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਸ਼ਾਇਦ ਇਸੇ ਕਰਕੇ ਪੰਜਾਬੀਆਂ ਦੇ ਜੁੱਸੇ ਵਿੱਚ ਫੌਲਾਦ ਭਰਿਆ ਹੈ, ਜੋ ਹੋਰ ਕਿਸੇ ਕੌਮ ਵਿੱਚ ਦਿਖਾਈ ਨਹੀਂ ਦਿੰਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਹਨ। ਸਿੱਖ ਧਰਮ ਵਿੱਚ ਅਜਿਹੀਆਂ ਬਹੁਤ ਸਾਰੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਅੱਜ ਵੀ ਤਰੋਤਾਜ਼ਾ ਹਨ, ਜਿਨ੍ਹਾਂ ਬਾਰੇ ਪੜ੍ਹ ਕੇ ਸਾਡਾ ਸਿਰ ਆਦਰ ਨਾਲ ਝੁਕ ਜਾਂਦਾ ਹੈ। ਇਹਨਾਂ ਸ਼ਹੀਦੀਆਂ ਦੀ ਲੜੀ ਵਿੱਚੋਂ ਸਭ ਤੋਂ ਪਹਿਲਾ ਨਾਂਅ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਉਂਦਾ ਹੈ, ਜਿਹਨਾਂ ਨੂੰ ਸਿੱਖ ਧਰਮ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ ਅਤੇ ਜਿਹਨਾਂ ਨੂੰ ਸ਼ਹੀਦਾਂ ਦੇ ਸਿਰਤਾਜ ਵੀ ਕਿਹਾ ਜਾਂਦਾ ਹੈ।



ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਹਨ। ਜਿਹਨਾਂ ਦਾ ਜਨਮ 15 ਅਪ੍ਰੈਲ 1563 ਈ. ਵਿੱਚ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਘਰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਬਚਪਨ ਵਿੱਚ ਹੀ ਆਪ ਨੇ ਦੇਵਨਾਗਰੀ, ਸੰਸਕ੍ਰਿਤ, ਗਣਿਤ ਅਤੇ ਧਿਆਨ ਵਿੱਚ ਮੁਹਾਰਤ ਹਾਸਲ ਕਰ ਲਈ।

ਜਿਵੇਂ-ਜਿਵੇਂ ਆਪ ਵੱਡੇ ਹੁੰਦੇ ਗਏ, ਆਪ ਨੂੰ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਅਤੇ ਦੱਬੇ-ਕੁਚਲੇ ਲੋਕਾਂ ਦੀਆਂ ਆਵਾਜ਼ਾਂ ਸੁਣਾਈ ਦੇਣੀਆਂ ਸ਼ੁਰੂ ਹੋਈਆਂ।

ਮੁਗਲ ਜਿਨ੍ਹਾਂ ਨੇ ਦੇਸ਼ 'ਤੇ ਕਬਜ਼ਾ ਅਤੇ ਆਪਣੀ ਹਕੂਮਤ ਨੂੰ ਕਾਇਮ ਕਰਨ ਲਈ ਅੱਤਿਆਚਾਰ ਦਾ ਸਹਾਰਾ ਲਿਆ ਹੋਇਆ ਸੀ, ਉਹਨਾਂ ਅੱਗੇ ਗੁਰੂ ਸਾਹਿਬ ਅਜਿਹੇ ਬਹਾਦਰ ਅਤੇ ਨਿਡਰ ਵਿਅਕਤੀ ਸਨ, ਜੇਕਰ ਇਹ ਇਸਲਾਮ ਧਰਮ ਕਬੂਲ ਕਰ ਲੈਣ ਤਾਂ ਪੂਰਾ ਪੰਜਾਬ ਹੀ ਇਸਲਾਮ ਕਬੂਲ ਕਰ ਲਵੇਗਾ।

ਗੁਰੂ ਅਰਜਨ ਦੇਵ ਜੀ ਪ੍ਰਤੀ ਈਰਖਾ ਉਨ੍ਹਾਂ ਦੇ ਘਰ ਵਿੱਚੋਂ ਸ਼ੁਰੂ ਹੁੰਦੀ ਚੰਦੂ ਕੋਲੋਂ ਹੁੰਦੀ ਜਹਾਂਗੀਰ ਤੱਕ ਪਹੁੰਚੀ। ਚੰਦੂ ਜਿਸ ਦੀ ਧੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਸਾਹਿਬ ਲਈ ਆਇਆ ਸੀ, ਉਹ ਗੁਰੂ ਅਰਜਨ ਦੇਵ ਜੀ ਨੇ ਠੁਕਰਾ ਦਿੱਤਾ ਸੀ, ਕਿਉਂਕਿ ਉਸ ਨੂੰ ਆਪਣੀ ਧਨ ਅਤੇ ਦੌਲਤ ਦਾ ਬਹੁਤ ਜ਼ਿਆਦਾ ਘੁਮੰਡ ਸੀ, ਜੋ ਗੁਰੂ ਸਾਹਿਬ ਨੂੰ ਬਿਲਕੁਲ ਪਸੰਦ ਨਹੀਂ ਸੀ, ਇਸੇ ਗੱਲ ਦੀ ਈਰਖਾ ਰੱਖਦਿਆਂ ਚੰਦੂ ਨੇ ਗੁਰੂ ਸਾਹਿਬ ਵਿਰੁੱਧ ਜਹਾਂਗੀਰ ਦੇ ਕੰਨ ਭਰ ਦਿੱਤੇ ਅਤੇ ਗੁਰੂ ਸਾਹਿਬ ਨੂੰ 1606 ਵਿੱਚ ਸ਼ਹੀਦ ਕਰਵਾ ਦਿੱਤਾ ਗਿਆ।

ਗੁਰੂ ਸਾਹਿਬ ਦੀ ਸ਼ਹੀਦੀ ਮੁਗਲ ਸਲਤਨਤ ਦੀ ਬਰਬਾਦੀ ਦਾ ਪਹਿਲਾ ਕਿੱਲ ਸਾਬਤ ਹੋਈ। ਇਸ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ-ਪੀਰੀ ਦੀਆਂ ਤਲਵਾਰਾਂ ਦਾ ਧਾਰਨ ਕਰਨਾ, ਗੁਰੂ ਤੇਗ ਬਹਾਦਰ ਜੀ ਦੀ ਚਾਂਦਨੀ ਚੌਕ ਵਿੱਚ ਸ਼ਹੀਦੀ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਚਪੜਚਿੜੀ ਵਿਖੇ ਮੁਗਲਾਂ ਨੂੰ ਹਰਾ ਕੇ ਖਾਲਸਾ ਰਾਜ ਕਾਇਮ ਕਰਨਾ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਦੀ ਹੀ ਦੇਣ ਹਨ।

ਆਪ ਜੀ ਨੇ ਭਾਈ ਗੁਰਦਾਸ ਜੀ ਦੀ ਮਦਦ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਕਾਰਜ ਪੂਰਾ ਕੀਤਾ। 1601 ਤੋਂ 1604 ਦੌਰਾਨ ਆਪ ਜੀ ਨੇ ਛੇ ਗੁਰੂ ਸਾਹਿਬਾਨ, 15 ਭੱਟ ਅਤੇ 11 ਭਗਤਾਂ ਦੀ ਬਾਣੀ ਸ਼ਾਮਲ ਕੀਤੀ। ਆਪ ਨੇ 2312 ਸ਼ਬਦਾਂ ਦੀ ਰਚਨਾ ਕੀਤੀ। ਆਪ ਜੀ ਦੁਆਰਾ ਰਚਿਤ ਪ੍ਰਮੁੱਖ ਬਾਣੀਆਂ ਵਿੱਚ ਸੁਖਮਨੀ ਸਾਹਿਬ, ਬਾਰਾਂਮਾਹ ਸ਼ਾਮਲ ਹਨ।

ਅਜੋਕੇ ਸਮੇਂ ਵਿੱਚ ਜਦੋਂ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਹੈ, ਧਰਮ ਦੇ ਨਾਂਅ 'ਤੇ ਰਾਜਨੀਤੀ ਭਾਰੂ ਹੋ ਰਹੀ ਹੈ। ਰਾਜਨੀਤਕ ਲੋਕ ਕੁਰਸੀ ਦੇ ਲਾਲਚ ਲਈ ਧਰਮ ਦੇ ਨਾਂਅ 'ਤੇ ਭਟਕਾ ਰਹੇ ਹਨ, ਉਸ ਸਮੇਂ ਗੁਰੂ ਸਾਹਿਬ ਦੀ ਸਮੁੱਚੀ ਮਨੁੱਖਤਾ ਲਈ ਦਿੱਤੀ ਲਾਸਾਨੀ ਸ਼ਹਾਦਤ ਸਾਨੂੰ ਜ਼ੁਲਮ ਦੀ ਹਕੂਮਤ ਦਾ ਡਟ ਕੇ ਮੁਕਾਬਲਾ ਕਰਨ ਅਤੇ ਸੱਚਾਈ ਦਾ ਪਲੜਾ ਕਦੇ ਨਾ ਛੱਡਣ ਦੀ ਪ੍ਰੇਰਨਾ ਦਿੰਦੀ ਹੈ।

***# ਸੰਪਰਕ : 70873-67969***

# ਪੰਜਾਬ ਨੂੰ ਫਿਰ ਬਲਦੀ ਦੇ ਬੁਥੇ ਦੇਣ ਦੀ ਸਾਜ਼ਿਸ਼



ਜਗੀਰ ਸਿੰਘ ਜਗਤਾਰ

ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਨਾਲ ਲੱਗਦੀ ਹੈਰੀਟੇਜ ਸਟਰੀਟ 'ਚ ਤਿੰਨ ਧਮਾਕੇ ਹੋਣ ਉਪਰੰਤ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪਹਿਲਾ ਧਮਾਕਾ ਪੰਜ ਮਈ ਦੀ ਰਾਤ ਨੂੰ ਹੋਇਆ ਸੀ। ਫੇਰ ਅੱਠ ਮਈ ਦੀ ਸਵੇਰ ਨੂੰ ਦੋ ਧਮਾਕੇ ਹੋਏ। ਤੀਸਰਾ ਧਮਾਕਾ ਦਸ ਤਰੀਕ ਨੂੰ ਰਾਤ ਬਾਰਾਂ ਵਜੇ ਗੁਰੂ ਰਾਮਦਾਸ ਸਰਾਂ ਦੇ ਪਿਛਵਾੜੇ ਵਿੱਚ ਹੋਣ ਉਪਰੰਤ ਪੁਲਸ ਅਤੇ ਦਰਬਾਰ ਸਾਹਿਬ ਦੇ ਸੁਰੱਖਿਆ ਕਰਮਚਾਰੀਆਂ ਦੀ ਚੌਕਸੀ ਨਾਲ ਧਮਾਕਾ ਕਰਨ ਵਾਲੇ ਗ੍ਰਿਫਤਾਰ ਕਰ ਲਏ ਗਏ।

ਇਹ ਸਾਰੇ ਧਮਾਕੇ ਸਧਾਰਨ ਪੱਧਰ ਦੇ ਸਨ ਅਤੇ ਇਹਨਾਂ ਦਾ ਉਦੇਸ਼ ਕਿਸੇ ਤਰ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਕਰਨ ਦਾ ਵਿਖਾਈ ਨਹੀਂ ਦਿੱਤਾ। ਇਹ ਆਮ ਪੱਧਰ ਦੀ ਆਤਿਸ਼ਬਾਜ਼ੀ ਲਈ ਵਰਤੇ ਜਾਂਦੇ ਬਾਰੂਦ ਨਾਲ ਹੀ ਕੀਤੇ ਜਾਂਦੇ ਹਨ। ਨਾਲ ਕੁੱਝ ਹੱਥ ਲਿਖਤ ਪਰਚੇ ਵਿੱਚ ਸੁੱਟੇ ਗਏ ਸਨ, ਜੋ ਧਮਾਕੇ ਦੀ ਅੱਗ ਨਾਲ ਜਲ ਜਾਣ ਕਾਰਨ ਉਹਨਾਂ ਦਾ ਪੂਰਾ ਵੇਰਵਾ ਸਾਹਮਣੇ ਨਹੀਂ ਆਇਆ। ਇਸ ਸਾਰੇ ਘਟਨਾਕਰਮ ਤੋਂ ਸੰਕੇਤ ਮਿਲਦਾ ਹੈ ਕਿ ਇਹ ਕਾਰਵਾਈ ਕਰਨ ਵਾਲੇ ਸਰਕਾਰ ਤੇ ਸਮਾਜ ਦਾ ਧਿਆਨ ਕਿਸੇ ਮਾਮਲੇ ਵੱਲ ਕਰਵਾਉਣ ਦੇ ਇਛੁੱਕ ਹਨ।

ਹੁਣ ਤੱਕ ਗ੍ਰਿਫਤਾਰ ਕੀਤੇ ਪੰਜ ਵਿਅਕਤੀਆਂ ਵਿੱਚੋਂ ਇੱਕ ਆਤਿਸ਼ਬਾਜ਼ੀ ਬਣਾਉਣ ਵਾਲਾ ਹੈ, ਉਸ ਪਾਸ ਇਸ ਪੱਧਰ ਦੀ ਸਮੱਗਰੀ ਰੱਖਣ ਦਾ ਆਗਿਆ ਪੱਤਰ ਹੈ। ਇੱਕ ਆਟੋਰਿਕਸ਼ਾ ਚਾਲਕ ਹੈ। ਇਸ ਤਰ੍ਹਾਂ ਸਾਰੇ ਗਰੀਬ ਪਰਵਾਰਾਂ ਵਿੱਚੋਂ ਮਿਹਨਤ-ਮਜ਼ਦੂਰੀ ਕਰਨ ਵਾਲੇ ਹੀ ਹਨ। ਇਹਨਾਂ ਦੇ ਮੁੱਖ ਸਲਾਹਕਾਰ ਅਜ਼ਾਦਵੀਰ ਸਿੰਘ ਪਹਿਰਾਵੇ ਵੱਲੋਂ ਅੰਮ੍ਰਿਤਧਾਰੀ ਹੈ, ਪਰ ਉਹ ਨਸ਼ਿਆਂ ਦਾ ਗਰੱਸਿਆ ਹੋਇਆ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹਨਾਂ ਨੂੰ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਅਤੇ ਲਾਈਆਂ ਧਾਰਾਵਾਂ ਬਾਰੇ ਵੀ ਇਤਰਾਜ਼ ਤੇ ਰੋਸ ਹੈ।

ਇਸ ਸਾਰੇ ਮਾਮਲੇ ਨੂੰ ਸਹਿਜ ਅਤੇ ਪੰਜਾਬ 'ਚ ਅਮਨ-ਸ਼ਾਂਤੀ ਬਣਾਈ ਰੱਖਣ ਦੀ ਦ੍ਰਿਸ਼ਟੀ ਤੋਂ ਦੇਖਣ ਦੀ ਥਾਂ ਰਵਾਇਤੀ ਪਾਰਟੀਆਂ ਦੇ ਆਗੂਆਂ ਨੇ ਆਪਣੇ ਰਾਜਸੀ ਟੀਚੇ ਹਾਸਲ ਕਰਨ ਲਈ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਹੈ। ਸਾਰਾ ਜ਼ੋਰ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਕੋਸਣ 'ਤੇ ਲਾਇਆ ਜਾ ਰਿਹਾ, ਕਿਸੇ ਨੇ ਪੰਜਾਬ ਵਾਸੀਆਂ ਨੂੰ ਸਵਾਰਥੀਆਂ ਤੋਂ ਸੁਚੇਤ ਰਹਿਣ ਅਤੇ ਆਪਸੀ ਭਾਈਚਾਰਕ ਏਕਤਾ ਬਣਾਏ ਰੱਖਣ ਦੀ ਅਪੀਲ ਵੀ ਨਹੀਂ ਕੀਤੀ।

ਇਹਨਾਂ ਚਾਰ-ਪੰਜ ਨੌਜਵਾਨਾਂ ਨੂੰ ਜੇ ਕੋਈ ਰੋਸ ਸੀ, ਉਸ ਦੇ ਪ੍ਰਗਟਾਵੇ ਲਈ ਦਰਬਾਰ ਸਾਹਿਬ ਦੇ ਨਾਲ ਦੀ ਗਲੀ ਹੀ ਕਿਉਂ ਚੁਣੀ ਗਈ, ਸ਼ਹਿਰ ਵਿਚ ਕੋਈ ਹੋਰ ਥਾਂ ਵੀ ਹੋ ਸਕਦੀ ਸੀ। ਸਪੱਸ਼ਟ ਹੈ ਕਿ ਇਹਨਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਸੇ ਅਜਿਹੀ ਧਿਰ ਨੇ ਪ੍ਰਭਾਵਿਤ ਕੀਤਾ ਹੈ, ਜੋ ਪੰਜਾਬ ਵਿਚ ਧਾਰਮਿਕ ਵਖਰੇਵੇਂ ਨੂੰ ਆਪਣੀ ਰਾਜਸੀ ਮਨੋਰਥ ਲਈ ਲਾਭਕਾਰੀ ਸਮਝਦੀ ਹੈ।

ਇਸੇ ਹੀ ਦ੍ਰਿਸ਼ਟੀ ਤੋਂ ਅੰਮ੍ਰਿਤਪਾਲ ਸਿੰਘ ਬਾਰੇ ਪਹਿਲਾਂ ਪ੍ਰਚਾਰ ਕਰਨਾ, ਫਿਰ ਉਸ ਦੀ ਗ੍ਰਿਫਤਾਰੀ ਬਾਰੇ ਥਾਂ-ਥਾਂ ਉੱਤੇ ਛਾਪੇਮਾਰੀ ਕਰਨਾ, ਪੁਲਸ ਵੱਲੋਂ ਕਿਸੇ ਵਿਅਕਤੀ ਨੂੰ ਗ੍ਰਿਫਤਾਰ ਕਰਨ ਤੋਂ ਬਿਲਕੁਲ ਭਿੰਨ ਸੀ। ਗ੍ਰਿਫਤਾਰ ਕਰਨ ਉਪਰੰਤ ਤੁਰੰਤ ਆਸਾਮ ਦੀ ਜੇਲ੍ਹ ਵਿਚ ਪਹੁੰਚਾਉਣਾ ਸਪੱਸ਼ਟ ਕਰਦਾ ਹੈ ਕਿ ਕਈ ਬਾਰਸੂਖ ਧਿਰ ਇਹ ਸਾਰਾ ਤਾਣਾ ਬਾਣਾ ਸੁਣ ਰਹੀ ਹੈ। ਹੁਣ ਦਰਬਾਰ ਸਾਹਿਬ ਦੀ ਨਾਲ ਦੀ ਗਲੀ ਵਿਚ ਧਮਾਕੇ ਕੀਤੇ ਜਾਣ ਦੀ ਵੱਡੀ ਰਾਜਸੀ ਧਿਰ ਦੀ ਚਾਲ ਦਾ ਹਿੱਸਾ ਜਾਪ ਰਿਹਾ ਹੈ

ਪੰਜਾਬ ਸਰਕਾਰ, ਜਿਸ ਦੀ ਸੂਬੇ ਵਿਚ ਅਮਨ-ਸ਼ਾਂਤੀ ਅਤੇ ਭਰਪਣ ਬਣਾਈ ਰੱਖਣ ਦੀ ਮੁੱਖ ਜ਼ਿੰਮੇਵਾਰੀ ਹੈ, ਉਹ ਇੱਕ ਤਰ੍ਹਾਂ ਨਾਲ ਮੋਹਰਾ ਬਣੀ ਜਾਪ ਰਹੀ ਹੈ। ਹੁਣ ਜੋ ਧਮਾਕੇ ਹੋਏ ਹਨ, ਇਹਨਾਂ ਦੀ ਪੁਲਸ ਤਾਂ ਜਾਂਚ ਕਰ ਰਹੀ ਹੈ, ਆਮ ਆਦਮੀ ਪਾਰਟੀ ਨੇ ਰਾਜਸੀ ਪੱਖੋਂ ਨਾ ਕੋਈ ਪ੍ਰਤੀਕਰਮ ਦਿੱਤਾ ਅਤੇ ਨਾ ਹੀ ਦੂਜੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਵੱਲੋਂ ਕੀਤੀ ਜਾ ਰਹੀ ਚਾਂਗਮਾਰੀ ਨੂੰ ਗਲਤ ਦਰਸਾਇਆ ਹੈ।

ਇਸ ਸਾਰੇ ਘਟਨਾਕ੍ਰਮ ਵੱਲ ਪੰਜਾਬ ਦੇ ਹਰ ਬਾਸ਼ਿੰਦੇ, ਖਾਸ ਕਰਕੇ ਪਿੰਡਾਂ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਹੋਰ ਮਿਹਨਤਕਸ਼ਾਂ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਨੂੰ ਸੰਜੀਦਗੀ ਨਾਲ ਲੈਣਾ ਅਤੇ ਵਿਚਾਰਨਾ ਚਾਹੀਦਾ ਹੈ। ਕੁਝ ਸਵਾਰਥੀ ਰਾਜਸੀ ਧਿਰਾਂ ਪੰਜਾਬ ਵਿਚ ਫਿਰ ਤੋਂ 1980-90 ਦੇ ਸਾਲਾਂ ਵਾਲੇ ਹਾਲਾਤ ਲਿਆਉਣ ਦੇ ਇਛੁੱਕ ਹਨ, ਜੋ ਪੰਜਾਬ ਦੀ ਨੌਜਵਾਨੀ ਨੂੰ ਢਾਅ ਲਾਉਣ ਦੀ ਤਾਕ ਵਿਚ ਹਨ। ਦੇਸ਼-ਵਿਦੇਸ਼ ਵਿਚ ਜੋ ਵੀ ਸਿੱਖੀ ਜਾਂ ਖਾਲਿਸਤਾਨ ਦੇ ਨਾਂਅ 'ਤੇ ਗਰਮ ਗੱਲਾਂ ਕਰਦਾ ਹੈ, ਉਹ ਸਿੱਧੇ ਤੌਰ 'ਤੇ ਪੰਜਾਬ ਦੀ ਅਮਨ-ਸ਼ਾਂਤੀ ਨੂੰ ਲਾਂਬੂ ਲਾਉਣ ਵਾਲਿਆਂ ਦੀ ਕਤਾਰ ਵਿਚ ਖੜ੍ਹਾ ਹੁੰਦਾ ਹੈ।

ਸੰਜੀਦਾ ਵਿਚਾਰਵਾਨਾਂ ਨੂੰ ਇਹ ਤੱਥ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਸਿੱਖਾਂ ਦੀ ਕਾਫੀ ਵੱਡੀ ਗਿਣਤੀ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਕਿਰਤ ਕਰ ਰਹੀ ਹੈ। ਜਦੋਂ ਪੰਜਾਬ ਦੀ ਧਰਤੀ 'ਤੇ ਅਣਸੁਖਾਵੀਂ ਹਵਾ ਚੱਲਦੀ ਹੈ ਤਾਂ ਉਸ ਦਾ ਮਾਰੂ ਅਸਰ ਬਾਹਰ ਰਹਿ ਰਹੇ ਸਿੱਖਾਂ 'ਤੇ ਵੀ ਪੈਂਦਾ ਹੈ, ਇਸ ਲਈ ਪੰਜਾਬ ਵਿਚ ਰਾਜਨੀਤੀ ਕਰਨ ਵਾਲਿਆਂ ਨੂੰ ਇਹ ਪੱਖ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ।

ਇਸ ਸਮੇਂ ਪੰਜਾਬ ਵਿਚ ਕੋਈ ਵੀ ਰਾਜਸੀ ਪਾਰਟੀ ਨਹੀਂ ਹੈ, ਜੋ ਸੂਬੇ ਅਤੇ ਇਸ ਦੇ ਵਸਨੀਕਾਂ ਦੇ ਹਿੱਤਾਂ ਅਤੇ ਦੇਸ਼ ਦੇ ਸੰਘੀ ਢਾਂਚੇ ਦੀ ਮੁਦਈ ਹੋਵੇ। ਇੱਕ ਸਮੇਂ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹਿੱਤਾਂ, ਲੋਕਤੰਤਰਿਕ ਸੰਘੀ ਢਾਂਚੇ ਦਾ ਮੁਦਈ ਹੋਣ ਦਾ ਦਾਅਵਾ ਕਰਦਾ ਸੀ, ਪਰ ਲੰਘੇ ਛੇ ਦਹਾਕਿਆਂ ਤੋਂ ਜਿਹਨਾਂ ਨੇ ਇਸ ਰਾਜਨੀਤਕ ਪਾਰਟੀ ਦੀ ਅਗਵਾਈ ਕੀਤੀ, ਉਹਨਾਂ ਇਸ ਪਾਰਟੀ ਨੂੰ ਅਸਲ ਲੀਹ ਤੋਂ ਲਾਹ ਦਿੱਤਾ। ਸਿੱਟ ਵਜੋਂ ਇਸ ਸਮੇਂ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀ ਕੋਈ ਵੀ ਰਾਜਸੀ ਪਾਰਟੀ ਨਹੀਂ ਹੈ। ਇਹ ਜ਼ਿੰਮੇਵਾਰੀ ਹੁਣ ਕਿਸਾਨ ਯੂਨੀਅਨਾਂ ਅਤੇ ਹੋਰ ਜਨਤਕ ਜਥੇਬੰਦੀਆਂ ਨੂੰ ਨਿਭਾਉਣੀ ਪਵੇਗੀ। ਇਸ ਸਮੇਂ ਜੋ ਘਟਨਾਕ੍ਰਮ ਚੱਲ ਰਿਹਾ ਹੈ। ਉਹਨਾਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਦਰਬਾਰ ਸਾਹਿਬ ਨੇੜੇ ਹੋਏ ਧਮਾਕਿਆਂ ਅਤੇ ਉਹਨਾਂ ਦੇ ਸੰਬੰਧ ਵਿਚ ਹੋਈਆਂ ਕੁਝ ਗ੍ਰਿਫਤਾਰੀਆਂ ਨੂੰ ਸਾਧਾਰਨ ਲੁੱਟਾਂ-ਖੋਹਾਂ, ਕਤਲਾਂ ਵਰਗੀਆਂ ਘਟਨਾਵਾਂ ਵਜੋਂ ਲੈਣ ਦੀ ਥਾਂ ਇਹਨਾਂ ਨੂੰ ਪੰਜਾਬ ਦੇ ਹਾਲਾਤ ਵਿਗਾੜਨ ਵਾਲੀਆਂ ਧਿਰਾਂ ਦੀ ਸਾਜ਼ਿਸ਼ ਵਜੋਂ ਲੈਣਾ ਚਾਹੀਦਾ ਹੈ। ਨੌਜਵਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਨੌਜਵਾਨਾਂ ਨੂੰ ਹਰ ਮਾਮਲੇ ਨੂੰ ਸੋਚਣ, ਸਮਝਣ ਲਈ ਪ੍ਰੇਰਨ, ਜਜ਼ਬਾਤੀ ਵਹਿਣ ਵਿਚ ਖਿੱਚੇ ਜਾਣ ਤੋਂ ਬਚਣ ਅਤੇ ਰਾਜਸੀ ਆਗੂਆਂ ਦੇ ਸਵਾਰਥੀ ਭਾਸ਼ਣਾਂ ਤੋਂ ਸੁਚੇਤ ਰਹਿਣ। ਅਜਿਹਾ ਕਰਕੇ ਹੀ 1980-90 ਦੇ ਸਾਲਾਂ ਵਾਲੇ ਹਾਲਾਤ ਤੋਂ ਬਚਿਆ ਜਾ ਸਕਦਾ ਹੈ। ਪੰਜਾਬ ਦੇ ਧਨਕੁਬੇਰਾਂ, ਬਹੁਕੌਮੀ ਕਾਰਪੋਰੇਸ਼ਨਾਂ ਨੂੰ ਆਪਣੇ ਮਨਸੂਬਿਆਂ ਦੇ ਰਾਹ ਦਾ ਰੋੜਾ ਵਿਖਾਈ ਦੇ ਰਿਹਾ ਹੈ। ਉਹ ਇਸ ਨੂੰ ਆਪਣੀ ਮੁੱਠੀ ਵਿਚ ਲੈਣ ਦੀਆਂ ਭਾਂਤ-ਸੁਭਾਂਤੀਆਂ ਚਾਲਾਂ ਚੱਲ ਰਹੇ ਹਨ, ਜਿਹਨਾਂ ਤੋਂ ਹਰ ਪੰਜਾਬ ਹਿਤੈਸ਼ੀ ਨੂੰ ਸੁਚੇਤ ਰਹਿਣ ਦੀ ਲੋੜ ਹੈ।

***ਸੰਪਰਕ : 94179-71600***

# ਮਾਣ-ਭੱਤਾ ਦੁੱਗਣਾ ਕਰਵਾਉਣ ਲਈ ਮਿੱਡ-ਡੇ-ਮੀਲ ਵਰਕਰਾਂ ਨੇ ਕੀਤੀ ਸੂਬਾਈ ਰੈਲੀ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਬਿੰਦੀ)**—ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਿਧਾਨ ਸਭਾ ਚੋਣਾਂ ਸਮੇਂ ਵਾਅਦਾ ਕੀਤਾ ਸੀ ਕਿ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਦੇ ਸਾਰ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ। ਪੰਜਾਬ ਸਰਕਾਰ ਦੇ ਉਪਰੋਕਤ ਵਾਅਦੇ ਨੂੰ ਯਾਦ ਕਰਵਾਉਣ ਅਤੇ ਅਮਲੀ ਰੂਪ ਵਿੱਚ ਲਾਗੂ ਕਰਵਾਉਣ ਲਈ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿੱਡ-ਡੇ-ਮੀਲ ਤਿਆਰ ਕਰਕੇ ਖਵਾਉਣ ਵਾਲੀਆਂ ਮਿੱਡ-ਡੇ-ਮੀਲ ਵਰਕਰਾਂ ਨੇ ਯੂਨੀਅਨ ਦੀ ਸੂਬਾਈ ਪ੍ਰਧਾਨ ਬਿਮਲਾ ਦੇਵੀ ਫਾਜ਼ਿਲਕਾ ਦੀ ਅਗਵਾਈ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੰਗਾਂ ਪ੍ਰਤੀ ਰੋਹ ਭਰਪੂਰ ਨਾਅਰੇਬਾਜੀ ਕਰਦੇ ਹੋਏ ਰੈਲੀ ਕੀਤੀ। ਰੈਲੀ ਦੀ ਸਮੁੱਚੀ ਕਾਰਵਾਈ ਨੂੰ ਜਥੇਬੰਦੀ ਦੀ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਚਲਾਇਆ। ਰੈਲੀ ਨੂੰ ਸੰਬੋਧਨ ਕਰਦੇ ਹੋਏ ਕਮਲੇਸ਼ ਕੌਰ ਰੋਪੜ,ਪ੍ਰਵੀਨ ਫਤਹਿਗੜ੍ਹ ਸਾਹਿਬ, ਜਸਵਿੰਦਰ ਕੌਰ ਟਾਹਲੀ ਜਲੰਧਰ, ਹਰਮੇਸ਼ ਕੌਰ ਰੋਪੜ, ਮਮਤਾ ਸੈਦਪੁਰ ਕਪੂਰਥਲਾ ਆਦਿ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਵਾਅਦਾ ਕੀਤਾ ਸੀ ਕਿ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਦੇ ਸਾਰ ਮਿੱਡ-ਡੇ-ਮੀਲ ਵਰਕਰਾਂ ਦਾ ਭੱਤਾ ਦੁੱਗਣਾ ਕੀਤਾ ਜਾਵੇਗਾ ਪਰ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੇ ਵੀ ਅਜੇ ਤੱਕ ਪੰਜਾਬ ਸਰਕਾਰ ਨੇ ਮਿੱਡ-ਡੇ-ਮੀਲ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਨ ਲਈ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ। ਮਿੱਡ-ਡੇ-ਮੀਲ ਵਰਕਰਾਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਮਿੱਡ-ਡੇ-ਮੀਲ ਵਰਕਰਾਂ ਨੂੰ ਤੁਰੰਤ ਰੈਗੂਲਰ ਕਰਵਾਉਣ, ਉਜਰਤ ਦੇ ਘੇਰੇ ਵਿੱਚ ਲਿਆ ਕੇ ਮਿਹਨਤਾਨਾ ਲਾਗੂ ਕਰਵਾਉਣ, ਮਾਣ ਭੱਤਾ ਦੁੱਗਣਾ ਕਰਵਾਉਣ ਜਾਂ ਗੁਆਂਢੀ ਸੂਬੇ ਹਰਿਆਣਾ ਦੇ ਪੈਟਰਨ ਅਨੁਸਾਰ ਮਾਣ ਭੱਤਾ ਲਾਗੂ ਕਰਵਾਉਣ, ਸਾਲ ਦੌਰਾਨ ਦੋ ਵਰਦੀਆਂ ਦੇਣ, ਪੰਜ ਲੱਖ ਰੁਪਏ ਦਾ ਹਰ ਵਰਕਰ ਦਾ ਮੁਫਤ ਬੀਮਾ ਕਰਨ, ਸਰਵਿਸ ਬੁੱਕਾਂ ਲਗਾਉਣ,ਖਾਣਾ ਬਣਾਉਣ ਅਤੇ ਖਵਾਉਣ ਤੋਂ ਬਿਨਾਂ ਜਬਰੀ ਹੋਰ ਕੰਮ ਲੈਣੇ ਬੰਦ ਕਰਨ,ਹੋਰ ਸਰਕਾਰੀ ਇਸਤਰੀ ਮੁਲਾਜਮ ਵਾਂਗ ਵਰਕਰਾਂ ਨੂੰ ਛੁੱਟੀਆਂ ਦੇਣ,ਵਰਕਰ ਦੇ ਛੁੱਟੀ ਲੈਣ ਸਮੇਂ ਖਾਣਾ ਬਣਾਉਣ ਦਾ ਪ੍ਰਬੰਧ ਕਰਵਾਉਣ ਆਦਿ ਮੰਗਾਂ ਨੂੰ ਮੰਨਵਾਉਣ ਅਤੇ ਲਾਗੂ ਕਰਵਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ ਸੂਬਾਈ ਰੈਲੀ ਦਾ ਮੁੱਖ ਅਜੰਡਾ ਹੈ। ਇਸ ਸਮੇਂ ਪ.ਸ.ਸ.ਫ.ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਮਿੱਡ-ਡੇ-ਮੀਲ ਵਰਕਰਜ ਯੂਨੀਅਨ ਪੰਜਾਬ ਦੇ ਮੁੱਖ ਸਲਾਹਕਾਰ ਅਤੇ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ,ਪੀ.ਡਬਲਯੂ.ਡੀ.ਫੀਲਡ ਐਂਡ ਵਰਕਸਾਪ ਯੂਨੀਅਨ ਪੰਜਾਬ ਦੇ ਪ੍ਰਧਾਨ ਮੱਖਣ ਸਿੰਘ ਵਾਹਿਦ ਪੁਰੀ, ਕਰਮ ਸਿੰਘ, ਗੁਰਵਿੰਦਰ ਸਿੰਘ ਚੰਡੀਗੜ੍ਹ,ਪ.ਸ.ਸ.ਫ.ਰੋਪੜ ਦੇ ਪ੍ਰਧਾਨ ਜਸਵਿੰਦਰ ਕਾਂਗੜ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਗਿੱਲ, ਜਸਵਿੰਦਰ ਸਿੰਘ ਸੋਜਾ,ਨਿਰਭੈ ਸਿੰਘ ਨੇ ਸੰਬੋਧਨ ਕਰਦੇ ਹੋਏ ਮਿੱਡ-ਡੇ-ਮੀਲ ਵਰਕਰਾਂ ਨੂੰ ਆਪਣੀ ਜਥੇਬੰਦੀ ਨੂੰ ਮਜਬੂਤ ਕਰਦੇ ਹੋਏ ਸੰਘਰਸ਼ਾਂ ਨੂੰ ਹੋਰ ਤਿੱਖੇ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਮਹਿੰਦਰ ਕੌਰ ਬੱਢਲ, ਅਸਮਤ ਦੇਵੀ, ਸੋਨੀਆ ਨੂਰਪੁਰ ਬੇਦੀ, ਪ੍ਰਵੀਨ ਕੁਮਾਰੀ, ਕੁਲਵਿੰਦਰ ਕੌਰ ਨਵਾਂਸ਼ਹਿਰ, ਕਰਮਜੀਤ ਫਰੀਦਕੋਟ, ਮਨਜੀਤ ਪਟਿਆਲਾ, ਹਰਜੀਤ ਕੌਰ ਲੁਧਿਆਣਾ, ਮਮਤਾ ਕਪੂਰਥਲਾ, ਸੁਨੀਤਾ ਮੁਹਾਲੀ, ਜਸਵੀਰ ਕੌਰ ਤਰਨਤਾਰਨ,ਕੁਲਵਿੰਦਰ ਕੁਰਾਲੀ, ਬਲਵਿੰਦਰ ਹੁਸ਼ਿਆਰਪੁਰ, ਨੀਲਮ, ਪਰਮਜੀਤ ਕੌਰ, ਹਰਭਜਨ ਸਿੰਘ, ਰਣਜੀਤ ਸਿੰਘ ਵਿਰਕ,ਜਸਵਿੰਦਰ ਸਿੰਘ ਬੱਢਲ,ਜਸਵਿੰਦਰ ਪਾਲ ਕਾਂਗੜ, ਰਾਮ ਲੁਭਾਇਆ ਦਿਵੇਦੀ ਖੇੜਾ ਕਲਮੋਟ ਆਦਿ ਹਾਜਰ ਹੋਏ ।

## ਸਿਕਸ-ਲੇਨ 'ਤੇ ਪਏ ਟੋਏ ਕਾਰਨ ਕਈ ਵਾਹਨਾਂ ਨੂੰ ਪੁੱਜਾ ਨੁਕਸਾਨ

**ਫਿਲੌਰ (ਨਿਰਮਲ)** ਬੀਤੀ ਰਾਤ ਨਜਦੀਕ ਪੈਂਦੀ ਪੈਪਸੀ ਕੋਲਡ੍ਰਿੰਗ ਕੰਪਨੀ ਦੇ ਸਾਹਮਣੇ ਜੀ ਟੀ ਰੋਡ ਦੇ ਉੱਤੇ ਪਏ ਇਕ ਵੱਡੇ ਟੋਏ ਦੇ ਕਾਰਨ 1 ਤੋਂ ਬਾਅਦ 8 ਗੱਡੀਆਂ ਦੇ ਟਾਇਰ ਫੱਟ ਗਏ ਤੇ ਰਾਹਗੀਰ ਕਾਫੀ ਪ੍ਰੇਸ਼ਾਨ ਹੋਏ। ਅਵਤਾਰ ਸਿੰਘ ਵਾਸੀ ਖੰਨਾ ਨੇ ਦੱਸਿਆ ਕਿ ਉਹ ਆਪਣੇ ਪਰਵਾਰ ਨਾਲ ਵਾਪਸ ਆਪਣੇ ਵਾਹਨ ਵਿੱਚ ਘਰ ਜਾ ਰਹੇ ਸੀ ਤਾਂ ਜਦੋਂ ਫਿਲੌਰ ਨੇੜੇ ਪੁੱਜੇ ਤਾਂ ਉਨ੍ਹਾਂ ਦੀ ਗੱਡੀ ਦੇ ਦੋ ਟਾਇਰ ਟੋਏ ਵਿਚ ਫੱਸ ਕੇ ਫੱਟ ਗਏ ਸੀਟ ਬੈਲਟ ਲੱਗੀ ਹੋਣ ਕਾਰਨ ਉਨ੍ਹਾਂ ਦਾ ਸੱਟਾਂ ਤੋਂ ਬਚਾਅ ਹੋ ਗਿਆ। ਉਨ੍ਹਾਂ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸਰਕਾਰ ਟੋਲ ਪਲਾਜੇ ਲਗਾ ਕੇ ਮੋਟੀ ਕਮਾਈ ਕਰ ਰਹੀ ਹੈ। ਵਹੀਕਲਾਂ ਤੋਂ ਰੋਡ ਟੈਕਸ ਵੀ ਲੈ ਰਹੀ ਹੈ, ਪਰ ਰੋਡ ਵੱਲ ਧਿਆਨ ਨਹੀਂ ਦੇ ਰਹੀ। ਉਸ ਨੇ ਕਿਹਾ ਕਿ ਉਸ ਨੇ ਹਾਈਵੇ ਵਾਲਿਆਂ ਨੂੰ 1033 'ਤੇ ਫੋਨ ਕੀਤਾ ਪਰ ਉਨ੍ਹਾਂ ਨੇ ਕੋਈ ਵੀ ਜਵਾਬ ਨਹੀਂ ਦਿੱਤਾ ਤੇ ਉਹ ਸ਼ਾਮ 5 ਵਜੇ ਤੋਂ ਲੈ ਕੇ 10 ਵਜੇ ਤੱਕ ਖੱਜਲ-ਖੁਆਰ ਹੁੰਦੇ ਰਹੇ। ਉਹਨਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ। ਮੌਕੇ 'ਤੇ ਸੜਕ ਕੰਢੇ ਪੈਂਚਰ ਲਗਾਉਣ ਵਾਲੇ ਦੁਕਾਨਦਾਰ ਨੇ ਦੱਸਿਆ ਕਿ ਇਸ ਟੋਏ ਵਿੱਚ ਫਸ ਕੇ 8-10 ਵਾਹਨਾਂ ਦੇ ਟਾਇਰ ਫੱਟ ਚੁੱਕੇ ਹਨ।

## ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਬੀ ਡੀ ਪੀ ਓ ਖਿਲਾਫ਼ ਜੰਮ ਕੇ ਨਾਅਰੇਬਾਜ਼ੀ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)** ਵਿਧਾਨ ਸਭਾ ਹਲਕਾ ਚੱਬੇਵਾਲ ਅਧੀਨ ਅਤੇ ਹੁਸ਼ਿਆਰਪੁਰ ਬਲਾਕ-2 ਵਿਚ ਪੈਂਦੇ ਪਿੰਡ ਅੱਤੋਵਾਲ ਵਿਖੇ ਪਿੰਡ ਵਾਸੀਆਂ ਨੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਬੀਡੀਪੀਓ ਬਲਾਕ 2 ਖਿਲਾਫ ਜੰਮ ਕੇ ਨਾਅਰੇਬਾਜੀ ਕੀਤੀ। ਪਿੰਡ ਵਿਚ ਲੱਗੇ ਨਵੇਂ ਸਰਕਾਰੀ ਟਿਊਬਵੈੱਲ ਲਈ ਬਿਜਲੀ ਦਾ ਕੁਨੈਕਸ਼ਨ ਨਾ ਮਿਲਣ ਕਾਰਨ ਪੀਣ ਵਾਲੇ ਪਾਣੀ ਦੀ ਸਮੱਸਿਆ ਵੱਧਦੀ ਜਾ ਰਹੀ ਹੈ। ਸਰਪੰਚ ਰਵਿੰਦਰ ਕੌਰ ਦੇ ਪਤੀ ਸੰਤਪ੍ਰਕਾਸ਼ ਸਿੰਘ ਸਾਬਕਾ ਸਰਪੰਚ ਨੇ ਦੱਸਿਆ ਕਿ ਉਹਨਾਂ ਨੇ ਆਪਣੇ ਪਿੰਡ ਵਿਚ ਸਰਕਾਰ ਵੱਲੋਂ ਮਿਲੀ ਗਰਾਂਟ ਦੇ ਸਹਿਯੋਗ ਨਾਲ ਸਰਕਾਰੀ ਟਿਊਬਵੈੱਲ ਲਾਇਆ ਹੋਇਆ ਹੈ। ਪ੍ਰੰਤੂ ਟਿਊਬਵੈੱਲ ਲਈ ਬਿਜਲੀ ਦਾ ਕੁਨੈਕਸ਼ਨ ਨਾ ਮਿਲਣ ਕਾਰਨ ਸਰਪੰਚ ਵੱਲੋਂ ਆਪਣੇ ਨਿੱਜੀ ਖਰਚੇ 'ਤੇ ਜਰਨੇਟਰ ਦਾ ਪ੍ਰਬੰਧ ਕਰਕੇ ਟਿਊਬਵੈਲ ਚਲਾ ਕੇ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਬਿਜਲੀ ਦੇ ਕੁਨੈਕਸਨ ਲਈ ਬੀ.ਡੀ.ਓ ਬਲਾਕ ਨੂੰ ਕਈ ਵਾਰ ਬੇਨਤੀ ਕੀਤੀ ਜਾ ਚੁੱਕੀ ਹੈ ਪ੍ਰੰਤੂ ਬੀ.ਡੀ.ਓ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। ਉਲਟਾ ਬੀ.ਡੀ.ਓ ਵਲੋਂ ਸਰਪੰਚ ਨੂੰ ਆਪਣੀ ਪੰਚਾਇਤ ਦਾ ਰਿਕਾਰਡ ਪੇਸ਼ ਕਰਨ ਲਈ ਨੋਟਿਸ ਜਾਰੀ ਕਰ ਦਿੱਤਾ ਗਿਆ। ਨਾਲ ਲੱਗਦੇ ਪਿੰਡ ਮਰਨਾਈਆਂ ਦੇ ਸਰਕਾਰੀ ਟਿਊਬਵੈੱਲ ਤੋਂ ਪੀਣ ਵਾਲੇ ਪਾਣੀ ਦੀ ਜੋ ਸਪਲਾਈ ਅੱਤੋਵਾਲ ਵਾਸੀਆਂ ਨੂੰ ਦਿੱਤੀ ਜਾ ਰਹੀ ਹੈ ਉਸ ਤੋਂ ਪਿੰਡ ਵਾਸੀ ਕਾਫੀ ਪ੍ਰੇਸ਼ਾਨ ਹਨ ਕਿਉਂਕਿ ਕਈ ਕਈ ਦਿਨ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਇਕ ਬੂੰਦ ਵੀ ਨਸੀਬ ਨਹੀਂ ਹੋ ਰਹੀ। ਰੋਸ ਪ੍ਰਦਰਸ਼ਨ ਦੌਰਾਨ ਪਿੰਡ ਵਾਸੀਆਂ ਨੇ ਮੰਗ ਕੀਤੀ ਹੈ ਕਿ ਬੀ.ਡੀ.ਓ ਬਲਾਕ ਅੱਤੋਵਾਲ ਵਿਚ ਲੱਗੇ ਸਰਕਾਰੀ ਟਿਊਬਵੈਲ ਲਈ ਬਿਜਲੀ ਦਾ ਕੁਨੈਕਸ਼ਨ ਲਗਵਾਉਣ ਲਈ ਅਤੇ ਉਥੋਂ ਲਈ ਬਣੀ ਨਵੀਂ ਕਮੇਟੀ ਨੂੰ ਮਨਜ਼ੂਰੀ ਦੇਵੇ। ਪਿੰਡ ਵਾਸੀਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਦੋ ਦਿਨ ਦੇ ਅੰਦਰ ਉਹਨਾਂ ਦੀ ਸਮੱਸਿਆ ਹੱਲ ਨਾ ਹੋਈ ਤਾਂ ਉਹ ਆਉਣ ਵਾਲੇ ਬੁੱਧਵਾਰ ਨੂੰ ਚੱਕਾ ਜਾਮ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਸੋਢੀ ਸਾਬਕਾ ਸੰਮਤੀ ਮੈਂਬਰ, ਜੋਗਾ ਸਿੰਘ, ਮੇਜਰ ਸਿੰਘ, ਅੰਮ੍ਰਿਤਪਾਲ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਕੌਰ ਧਾਮੀ, ਬਲਜਿੰਦਰ ਕੌਰ, ਨੀਲਮ ਜੱਜ ਆਦਿ ਹਾਜਰ ਸਨ।

## ਝੋਨੇ ਦੀ ਬਿਜਾਈ ਲਈ ਨਹਿਰਾਂ 'ਚ ਪਾਣੀ ਤੁਰੰਤ ਛੱਡਣ ਦੀ ਮੰਗ

**ਫਿਲੌਰ (ਨਿਰਮਲ)** ਕਿਸਾਨ ਆਗੂ ਹਰਜੀਤ ਸਿੰਘ ਢੇਸੀ ਨੇ ਨਹਿਰ ਵਿਭਾਗ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਝੋਨੇ ਦੀ ਫਸਲ ਅਤੇ ਪਨੀਰੀ ਬੀਜਣ ਲਈ ਨਹਿਰਾਂ ਵਿੱਚ ਪਾਣੀ ਤੁਰੰਤ ਛੱਡਿਆ ਜਾਵੇ।ਤਾਂ ਜੋ ਕਿਸਾਨ ਸਮੇਂ ਸਿਰ ਝੋਨੇ ਦੀ ਬਿਜਾਈ ਲਈ ਖੇਤਾਂ ਨੂੰ ਤਿਆਰ ਕਰ ਸਕਣ। ਜਿਨ੍ਹਾਂ ਕਿਸਾਨਾਂ ਦੇ ਖੇਤੀ ਬਾੜੀ ਜ਼ਿਆਦਾਤਰ ਨਹਿਰੀ ਪਾਣੀ ਤੇ ਨਿਰਭਰ ਹੈ,ਉਨ੍ਹਾਂ ਵੱਲੋਂ ਵਿਭਾਗ ਤੋਂ ਪੁਰਜੋਰ ਮੰਗ ਕੀਤੀ ਜਾ ਰਹੀ ਹੈ ਕਿ ਨਹਿਰਾਂ ਵਿੱਚ ਬਿਨਾਂ ਕਿਸੇ ਦੇਰੀ ਤੋਂ ਪਾਣੀ ਛੱਡਿਆ ਜਾਵੇ ਤਾਂ ਜੋ ਝੋਨੇ ਦੀ ਪਨੀਰੀ ਦੀ ਲੁਆਈ ਅਤੇ ਬਿਜਾਈ ਸਮੇਂ ਸਿਰ ਹੋ ਸਕੇ। ਇਹ ਵੀ ਮੰਗ ਕੀਤੀ ਗਈ ਕਿ ਨਹਿਰਾਂ ਦੀ ਅੰਦਰੋਂ ਸਫਾਈ ਕਰਵਾਈ ਜਾਵੇ ਤਾਂ ਜੋ ਪਾਣੀ ਬਿਨਾਂ ਰੁਕਾਵਟ ਕਿਸਾਨਾਂ ਨੂੰ ਮਿਲ ਸਕੇ।

## ਠੰਢੇ ਮਿੱਠੇ ਜਲ ਦੀ ਛਬੀਲ ਲਗਾਈ



**ਮੋਰਿੰਡਾ ( ਜੈਜੀ ਸਰਦਾਰ )** ਸੰਤ ਬਾਬਾ ਕਰਤਾਰ ਸਿੰਘ ਵੈਲਫੇਅਰ ਕਲੱਬ (ਰਜਿ) ਕਲਾਰਾਂ , ਗੁਰਦੁਆਰਾ ਸਤਿਕਰਤਾਰ ਸਾਹਿਬ ਕਲਾਰਾਂ ਵੱਲੋਂ ਸ਼ਹੀਦ ਦੇ ਸਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੰਬੰਧ ਵਿੱਚ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਆਉਣ-ਜਾਣ ਵਾਲੀਆਂ ਸੰਗਤਾਂ ਨੇ ਜਲ ਛੱਕਿਆ। ਗਗਨ ਕਲਾਰਾਂ ਨੇ ਦੱਸਿਆ ਇਹ ਛਬੀਲ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਲਗਾਈ ਜਾਂਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲੱਬ ਪ੍ਰਧਾਨ ਹਰਸਿਮਰਨਜੀਤ ਸਿੰਘ,ਅਮਨਦੀਪ ਸਿੰਘ, ਹਰਸ਼ ਕਲੇਰ, ਦੀਪ ਭਾਨਾ,ਪ੍ਰਗਟ,ਸੁੱਖਾ,ਗਗਨ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੱਛਤਰ ਸਿੰਘ, ਬਲਵਿੰਦਰ ਸਿੰਘ, ਦਰਸ਼ਨ ਸਿੰਘ ,ਦੇਵ ਸਿੰਘ,ਸੱਜਣ ਸਿੰਘ,ਮਲਕੀਤ ਸਿੰਘ, ਰਾਮ ਸਿੰਘ ਆਦਿ ਹਾਜਰ ਸਨ।

## 32 ਗਰਾਮ ਹੈਰੋਇਨ ਸਮੇਤ ਕਾਬੂ

**ਫਿਲੌਰ, (ਨਿਰਮਲ)** ਸਥਾਨਕ ਪੁਲਸ ਨੇ 32 ਗਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪਰਦੀਪ ਕੁਮਾਰ ਚੌਂਕੀ ਇੰਚਾਰਜ ਲਸਾੜਾ ਨੇ ਬਲਜੀਤ ਸਿੰਘ ਉਰਫ ਬੋਲਾ ਪੁੱਤਰ ਭਜਨ ਸਿੰਘ ਵਾਸੀ ਮੀਓਵਾਲ ਥਾਣਾ ਬਿਲਗਾ ਨੂੰ ਦੌਰਾਨੇ ਗਸ਼ਤ ਸੇਲਕੀਆਣਾ ਤੋਂ ਕਾਬੂ ਕੀਤਾ। ਬਲਜੀਤ ਸਿੰਘ ਦੀ ਤਲਾਸ਼ੀ ਲੈਣ 'ਤੇ ਉਸ ਦੇ ਕਬਜੇ ਵਿੱਚੋਂ 32 ਗਰਾਮ ਹੈਰੋਇਨ ਬਰਾਮਦ ਕੀਤੀ ਗਈ। ਜਿਸ ਖਿਲਾਫ ਮੁਕੱਦਮਾ ਨੰਬਰ 121 ਧਾਰਾ 21ਬੀ-61-85 ਐਨਡੀਪੀਐਸ ਐਕਟ ਅਧੀਨ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਸ਼ਹੀਦੀ ਦਿਹਾੜਾ ਅੱਜ ਮਨਾਇਆ ਜਾਵੇਗਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਪਿੰਡ ਚੀਮਾ ਕਲਾਂ 'ਚ ਗੁਰਦੁਆਰਾ ਸਿੰਘ ਸਭਾ ਵਿਖੇ 23 ਮਈ ਨੂੰ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ । ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੱਖਣ ਸਿੰਘ ਨੇ ਦੱਸਿਆ ਕਿ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਪਰੰਤ ਗੁਰੂ ਦਾ ਲੰਗਰ ਅਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਜਾਣਗੀਆਂ।

## ਡਾਕਟਰ ਦਿਆਲ ਸਿੰਘ ਸਕੂਲ ਆਫ ਨਰਸਿੰਗ ਨੇ ਕੀਤਾ ਤੀਸਰੇ ਸਥਾਨ 'ਤੇ ਕਬਜ਼ਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪੰਜਾਬ ਨਰਸਿੰਗ ਕੌਂਸਲ ਵੱਲੋਂ ਜੀ.ਐਨ.ਐਮ. ਭਾਗ ਤੀਜੇ ਦੇ ਨਤੀਜੇ 'ਚ ਡਾਕਟਰ ਦਿਆਲ ਸਿੰਘ ਸਕੂਲ ਆਫ ਨਰਸਿੰਗ ਦੀ ਵਿਦਿਆਰਥਣ ਖੁਸ਼ਨੀਤ ਕੌਰ ਸਪੁੱਤਰੀ ਸੁਰਿੰਦਰ ਸਿੰਘ ਨੇ ਪੰਜਾਬ ਭਰ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ। ਉਸ ਨੇ 1800 ਵਿੱਚੋਂ 1576 ਅੰਕ ਪ੍ਰਾਪਤ ਕੀਤੇ। ਪੰਜਾਬ ਵਿੱਚ ਕੁੱਲ 5145 ਵਿਦਿਆਰਥਣਾਂ ਨੇ ਜੀ.ਐਨ.ਐਮ. ਦਾ ਇਮਤਿਹਾਨ ਦਿੱਤਾ ਸੀ। ਇਸ ਦੌਰਾਨ ਖੁਸ਼ਨੀਤ ਕੌਰ ਨੇ ਕਿਹਾ ਕਿ ਉਹ ਇਸ ਨਤੀਜੇ ਤੋਂ ਬੇਹੱਦ ਖੁਸ਼ ਹੈ ਅਤੇ ਉਸ ਨੇ ਇਹ ਵੀ ਕਿਹਾ ਕਿ ਇਹ ਕਾਮਯਾਬੀ ਉਸ ਦੇ ਮਾਤਾ-ਪਿਤਾ ਦੇ ਅਸ਼ੀਰਵਾਦ ਅਤੇ ਅਧਿਆਪਕਾਵਾਂ ਦੀ ਪ੍ਰੇਰਣਾ ਸਦਕਾ ਹੀ ਸੰਭਵ ਹੋਈ ਹੈ। ਪ੍ਰਿੰਸੀਪਲ ਨੀਲਮ ਸੇਠੀ ਅਤੇ ਵਾਇਸ ਪ੍ਰਿੰਸੀਪਲ ਸਰੋਜ ਸ਼ਰਮਾ ਨੇ ਵਧਾਈ ਦਿੰਦਿਆਂ ਉੱਜਵੱਲ ਭਵਿੱਖ ਦੀ ਕਾਮਨਾ ਕੀਤੀ।

## ਸ਼ਹੀਦੀ ਪੁਰਬ ਮਨਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਦੀ ਮੈਨੇਜਮੇਂਟ, ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪੰਜਵੀਂ ਪਾਤਸਾਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਕੂਲ ਸਟਾਫ ਵੱਲੋਂ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਵਿਦਿਆਰਥੀਆਂ ਵੱਲੋਂ ਲੈਕਚਰ, ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸਕੂਲ ਇੰਚਾਰਜ ਗੁਰਿੰਦਰ ਕੌਰ ਅਤੇ ਧਾਰਮਿਕ ਅਧਿਆਪਿਕਾ ਹਰਿੰਦਰ ਕੌਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਵਿਸਤਾਰ ਨਾਲ ਵਰਨਣ ਕੀਤਾ ਗਿਆ। ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸੇਵਾ ਸਿੰਘ, ਨਿਸ਼ਾ ਗਰਗ, ਮਮਤਾ ਦੇਵੀ, ਦੀਪਾਂਜਲੀ ਸ਼ਰਮਾ, ਕੰਵਲਜੀਤ ਕੌਰ, ਰਜਿੰਦਰ ਕੌਰ, ਨਰਿੰਦਰ ਕੌਰ, ਸੰਦੀਪ ਕੌਰ, ਸਤਿੰਦਰ ਕੌਰ, ਜਸਪ੍ਰੀਤ ਕੌਰ, ਆਸ਼ੂ, ਸਪਨਾ ਰਾਣੀ, ਸ਼ਾਂਤੀ ਦੇਵੀ, ਨਰਿੰਦਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ, ਅਮਰਜੀਤ ਕੌਰ, ਰਕੇਸ਼ ਬੇਦੀ ਆਦਿ ਹਾਜਰ ਸਨ।

## ਸਬ-ਇੰਸਪੈਕਟਰ ਬਣਨ 'ਤੇ ਅਨਵਰ ਮਸੀਹ ਨੂੰ ਲਗਾਏ ਸਟਾਰ

**ਬਿਲਗਾ (ਵਿਜੇ ਕੁਮਾਰ)**-ਥਾਣਾ ਬਿਲਗਾ ਵਿਖੇ ਤਾਇਨਾਤ ਏ ਐਸ ਆਈ ਅਨਵਰ ਮਸੀਹ ਦੀ ਵਧੀਆ ਕਾਰਗੁਜਾਰੀ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵਲੋਂ ਉਨ੍ਹਾਂ ਨੂੰ ਤਰੱਕੀ ਦੇ ਕੇ ਸਬ ਇੰਸਪੈਕਟਰ ਬਣਾਇਆ ਗਿਆ ਹੈ। ਉਨ੍ਹਾਂ ਨੇ ਵੱਖ-ਵੱਖ ਥਾਣਿਆਂ ਵਿਚ ਆਪਣੀ ਡਿਊਟੀ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਈ ਹੈ। ਅਨਵਰ ਮਸੀਹ ਦੇ ਮੋਢਿਆਂ ਤੇ ਸਬ - ਡਵੀਜਨ ਫਿਲੌਰ ਦੇ ਡੀ ਐਸ ਪੀ ਜਗਦੀਸ਼ ਰਾਜਾ ਅਤੇ ਸਬ ਇੰਸਪੈਕਟਰ ਗੁਰਸ਼ਰਨ ਸਿੰਘ ਨੇ ਤਰੱਕੀ ਦੇ ਸਟਾਰ ਲਗਾਏ ਤੇ ਵਧਾਈ ਦਿੱਤੀ।

## ਅਰਸ਼ਨੂਰ ਕੌਰ ਨੇ ਪ੍ਰਾਪਤ ਕੀਤੇ 96 ਫੀਸਦੀ ਅੰਕ

**ਆਦਮਪੁਰ (ਪਰਮਜੀਤ ਸਿੰਘ )**:—ਸੰਤ ਐਨਟਓਨਈਜ ਕਾਨਵੈਂਨਟ ਸਕੂਲ ਆਦਮਪੁਰ ਦੀ ਵਿਦਿਆਰਥਣ ਅਰਸ਼ਨੂਰ ਕੌਰ ਨੇ ਆਪਣੀ ਲਗਨ ਅਤੇ ਮਿਹਨਤ ਦੇ ਸਦਕਾ ਸੀ ਬੀ ਐੱਸ ਈ ਦੀ 10 ਵੀਂ ਕਲਾਸ ਦੀ ਪ੍ਰੀਖਿਆ ਦੇ ਨਤੀਜੇ ਵਿੱਚੋਂ ਸਕੂਲ ਵਿੱਚੋਂ ਸਭ ਤੋਂ ਵੱਧ 96% ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਆਪਣੇ ਮਾਤਾ ਗੁਪ੍ਰੀਤ ਕੌਰ ਤੇ ਪਿਤਾ ਹਰਵਿੰਦਰ ਸਿੰਘ ਦਾ ਨਾਂਅ ਰੋਸ਼ਨ ਕੀਤਾ!

## ਡਾ. ਨਵਸ਼ਰਨ ਨੂੰ ਈ ਡੀ ਪ੍ਰੇਸ਼ਾਨ ਕਰਨਾ ਬੰਦ ਕਰੇ : ਡੀ ਟੀ ਐੱਫ

**ਜਲੰਧਰ, (ਕੇਸਰ)** ਜਮਹੂਰੀ ਹੱਕਾਂ ਦੀ ਕਾਰਕੁੰਨ ਡਾ. ਨਵਸ਼ਰਨ ਨੂੰ ਕੇਂਦਰ ਦੀ ਭਾਜਪਾ ਹਕੂਮਤ ਦੇ ਇਸ਼ਾਰਿਆਂ 'ਤੇ ਈ ਡੀ ਵੱਲੋਂ ਪ੍ਰੇਸ਼ਾਨ ਕਰਨ ਦੀ ਨਿਖੇਧੀ ਕਰਦਿਆ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਪੰਜਾਬ) ਜ਼ਿਲ੍ਹਾ ਜਲੰਧਰ ਨੇ ਨਿਖੇਧੀ ਕਰਦਿਆਂ ਇਸ ਕਾਰਵਾਈ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ। ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕੋਟਲੀ, ਸਕੱਤਰ ਅਵਤਾਰ ਲਾਲ, ਵਿੱਤ ਸਕੱਤਰ ਗੁਰਮੁਖ ਸਿੰਘ ਸਿੱਧੂ, ਜਥੇਬੰਦਕ ਸਕੱਤਰ ਸੁਖਵਿੰਦਰਪ੍ਰੀਤ ਸਿੰਘ ਅਤੇ ਬਲਾਕ ਸ਼ਾਹਕੋਟ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਜਾਰੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਜ਼ੁਬਾਨਬੰਦੀ ਤੇ ਉਤਰੀ ਹੋਈ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਈ ਡੀ ਉੱਘੇ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ, ਜਮਹੂਰੀ ਹੱਕਾਂ ਦੀ ਕਾਰਕੁੰਨ, ਹਰ ਲੋਕ ਪੱਖੀ ਸੰਘਰਸ਼ ਦੀ ਹਮਾਇਤੀ ਅਤੇ ਲੋਕ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨ ਵਾਲੀ ਡਾ. ਨਵਸ਼ਰਨ ਨੂੰ ਵੀ ਕਿਸੇ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ ਅੰਦਰ ਬੰਦ ਕਰਨ ਦੀ ਯੋਜਨਾ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹਕੂਮਤ ਪਿਛਲੇ ਲੰਬੇ ਸਮੇਂ ਤੋਂ ਲੋਕ ਪੱਖੀ ਕਾਰਕੁੰਨਾਂ ਦੀ ਅਵਾਜ਼ ਨੂੰ ਦਬਾਉਣ ਲਈ ਆਪਣੀਆਂ ਏਜੰਸੀਆਂ ਦੀ ਵਰਤੋਂ ਕਰਦੀ ਆ ਰਹੀ ਹੈ। ਇਸੇ ਨੀਤੀ ਤਹਿਤ ਹੀ ਈ ਡੀ ਹੁਣ ਡਾ. ਨਵਸ਼ਰਨ ਨੂੰ ਨਿਸ਼ਾਨਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਡਰਾਉਣ, ਧਮਕਾਉਣ ਅਤੇ ਦਹਿਸ਼ਤ ਪਾਉਣ ਵਾਲੀ ਨੀਤੀ ਨੂੰ ਜਮਹੂਰੀ ਸੰਸਥਾਵਾਂ ਤੇ ਲੋਕ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾ ਵੀ ਭਾਜਪਾ ਹਕੂਮਤ ਦੇ ਇਸ਼ਾਰਿਆਂ 'ਤੇ ਕੇਂਦਰੀ ਏਜੰਸੀਆਂ ਲੋਕ ਪੱਖੀ ਪੱਤਰਕਾਰ ਰਾਣਾ ਆਯੂਬ ਅਤੇ ਬੰਦੀ ਸਮਾਜਕ ਕਾਰਕੁੰਨ ਤੀਸਤਾ ਸੀਤਲਵਾੜ ਨੂੰ ਤੰਗ ਪ੍ਰੇਸ਼ਾਨ ਕਰ ਚੁੱਕੀਆਂ ਹਨ। ਦਰਜਨਾਂ ਬੁੱਧੀਜੀਵੀਆਂ, ਸਮਾਜਕ ਕਾਰਕੁੰਨਾਂ, ਵਕੀਲਾਂ ਅਤੇ ਪੱਤਰਕਾਰਾਂ ਨੂੰ ਵੀ ਦੇਸ਼ ਧਰੋਹ ਦੇ ਝੂਠੇ ਮੁਕੱਦਮਿਆਂ ਰਾਹੀਂ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਬੁੱਧੀਜੀਵੀਆਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਖਿਲਾਫ ਉਨ੍ਹਾਂ ਦੀ ਜਥੇਬੰਦੀ ਹਰ ਫਰੰਟ 'ਤੇ ਅਵਾਜ਼ ਬੁਲੰਦ ਕਰੇਗੀ।

## ਵੁਡਬਰੀ ਸਕੂਲ ਦਾ ਕਰਾਟੇ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ

**ਭੋਗਪੁਰ, (ਕੁਲਵੀਰ ਸਿੰਘ ਕਾਹਲੋਂ)**, ਜਲੰਧਰ ਵਿਖੇ ਸੀ ਕੇ ਸੀ ਪੰਜਾਬ ਸਟੇਟ ਕਰਾਟੇ ਚੈਂਪੀਅਨਸ਼ਿਪ ਕਰਵਾਈ ਗਈ, ਜਿਸ ਵਿੱਚ ਲੱਗਭੱਗ 600 ਬੱਚਿਆਂ ਨੇ ਭਾਗ ਲਿਆ । ਵੁਡਬਰੀ ਸਕੂਲ ਦੇ ਬੱਚੇ ਵੀ ਇਸ ਵਿਚ ਵੱਧ-ਚੜ੍ਹ ਕੇ ਸਾਮਿਲ ਹੋਏ , ਜਿਸ ਵਿੱਚ ਸਾਹਿਲਪ੍ਰੀਤ ਤੇ ਕਰਮਨਵੀਰ ਨੇ ਗੋਲਡ ਤਗਮਾ, ਅਰਮਾਨ, ਮਨਤੋਜ, ਵਿਰਾਜ ,ਨੇ ਚਾਂਦੀ ਤਗਮਾ ਅਤੇ ਗੁਰਨੂਰ, ਨਵਰਾਜ, ਏਕਨੂਰ, ਹਰਜੋਤ ਨੇ ਕਾਂਸੀ ਦਾ ਤਗਮਾ ਜਿੱਤਿਆ। ਕੋਬਰਾ ਕਰਾਟੇ ਸੈਂਟਰ ਦੇ ਪ੍ਰੈਜੀਡੈਂਟ ਸੰਜੀਵ ਕੁਮਾਰ ਨਾਗਪਾਲ , ਜਨਰਲ ਸੈਕਟਰੀ ਰਾਜੀਵ ਕੁਮਾਰ ਨਾਗਪਾਲ ਅਤੇ ਟੈਕਨੀਕਲ ਡਾਇਰੈਕਟਰ ਜਤਿੰਦਰ ਕੁਮਾਰ ਨੇ ਬੱਚਿਆਂ ਦਾ ਉਤਸ਼ਾਹ ਵਧਾਉਂਦੇ ਹੋਏ ਦੱਸਿਆ ਕਿ ਜਿੱਤਣ ਵਾਲੇ ਬੱਚੇ ਜਲਦ ਹੀ ਮਲੇਸ਼ੀਆ ਵਿੱਚ ਹੋਣ ਜਾ ਰਹੀ ਚੈਂਪੀਅਨਸ਼ਿਪ ਲਈ ਕੁਆਲੀਫਾਈ ਕਰ ਚੁੱਕੇ ਹਨ ।

ਸਕੂਲ ਪ੍ਰਿੰ. ਡਾ.ਸੁਮਨ ਡਡਵਾਲ ਨੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਸਕੂਲ ਪਹੁੰਚਣ 'ਤੇ ਜੇਤੂਆਂ ਅਤੇ ਕੋਚਾਂ ਦਾ ਭਰਵਾਂ ਸਵਾਗਤ ਕੀਤਾ ਗਿਆ ।

## ਸਾਲਾਨਾ ਛਿੰਝ ਮੇਲਾ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ )** ਨਜ਼ਦੀਕ ਪਿੰਡ ਖੋਜਕੀਪੁਰ ਵਿਖੇ ਧੰਨ ਧੰਨ ਸਾਂਈ ਬਾਬਾ ਫਕੀਰੇ ਸ਼ਾਹ ਦੀ ਦਰਗਾਹ 'ਤੇ 19ਵਾਂ ਸਾਲਾਨਾ ਛਿੰਝ ਮੇਲਾ ਸਾਈਂ ਲੱਕੀ ਸ਼ਾਹ ਦੀ ਰਹਿਨੁਮਾਈ ਹੇਠ ਸਭ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਅਖਾੜੇ ਦੀ ਸ਼ੁਰੂਆਤ ਮੁੱਖ ਮਹਿਮਾਨ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੰਤਰੀ, ਪਹਿਲਵਾਨ ਡੀ ਐਸ ਪੀ ਮਲਕੀਤ ਸਿੰਘ ਹੁਸ਼ਿਆਰਪੁਰ , ਐਡਵੋਕੇਟ ਬਲਵਿੰਦਰ ਸਿੰਘ ਬੀ ਐਸ ਪੀ ਨੇਤਾ ਅਤੇ ਸਾਈਂ ਲੱਕੀ ਸ਼ਾਹ ਵਲੋਂ ਪਹਿਲਵਾਨਾਂ ਨੂੰ ਅਸ਼ੀਰਵਾਦ ਦੇ ਕੇ ਕੀਤੀ ਗਈ। ਪਟਕੇ ਦਾ ਕੁਸ਼ਤੀ ਵਿੱਚ ਛੋਟਾ ਸੁਧਾਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਕੇ ਬੁਲਿਟ ਮੋਟਰਸਾਈਕਲ ਪ੍ਰਾਪਤ ਕੀਤਾ ਜਿਸ ਦੀ ਸੇਵਾ ਸੁਖਦੀਪ ਸਿੰਘ ਲੱਡੂ ਸਲਾਲਾ (ਇਟਲੀ) ਵਲੋਂ ਨਿਭਾਈ ਗਈ। ਦੂਸਰਾ ਇਨਾਮ ਨੇਕੀ ਕੰਗਣੀਵਾਲ ਨੇ ਸਪਲੈਂਡਰ ਮੋਟਰਸਾਇਕਲ ਪ੍ਰਾਪਤ ਕੀਤਾ ਜਿਸ ਦੀ ਸੇਵਾ ਲਾਡੀ ਸੰਧੂ ਕਨੇਡਾ (ਪੰਡੋਰੀ ਨਿੱਝਰਾਂ) ਵਲੋਂ ਨਿਭਾਈ ਗਈ। ਇਸ ਮੌਕੇ ਬਲਦੇਵ ਸਿੰਘ ਏ ਐਸ ਆਈ ਰਿਟਾਇਰ, ਨਿਰਮਲ ਸਿੰਘ ਏ ਐਸ ਆਈ, ਮਾਸਟਰ ਰਾਮ ਲੁਭਾਇਆ ਸਲਾਲਾ, ਅਮਰਜੀਤ ਸਿੰਘ ਸੰਧੂ, ਅਮਨਦੀਪ ਸਿੰਘ ਢਿੱਲੋਂ ਸਲਾਲਾ, ਰਾਕੇਸ਼ ਕੁਮਾਰ ਕਾਲਾ ਸਲਾਲਾ, ਕੁਲਵਿੰਦਰ ਸਿੰਘ ਪੰਡੋਰੀ ਨਿੱਝਰਾਂ, ਜਗੀਰ ਸਿੰਘ, ਸੰਤੋਖ ਸਿੰਘ , ਬਾਬਾ ਸੁਖਦੇਵ ਸਿੰਘ ਖੋਜਕੀਪੁਰ ਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਹਾਜਰ ਸਨ।

## ਕੁੱਲ ਹਿੰਦ ਕਿਸਾਨ ਸਭਾ ਨੇ ਭਰਤੀ ਮੁਹਿੰਮ ਕੀਤੀ ਸ਼ੁਰੂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਕਮੇਟੀ ਰੋਪੜ ਨੇ ਭਰਤੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਥੇ ਪਿੰਡ ਢੇਰ ਵਿਖੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਇੰਦਰਜੀਤ ਸਿੰਘ ਫੌਜੀ ਦੀ ਅਗਵਾਈ ਹੇਠ ਘਰ ਘਰ ਜਾ ਕੇ ਕਿਸਾਨਾਂ ਦੀ ਭਰਤੀ ਕੀਤੀ। ਕਿਸਾਨਾਂ ਵੱਲੋਂ ਭਰਤੀ ਮੁਹਿੰਮ ਨੂੰ ਪੂਰਾ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਕਿਸਾਨ ਆਗੂਆਂ ਨੇ ਦੱਸਿਆ ਕਿ ਸਮੇਂ ਸਮੇਂ ਦੀਆਂ ਕੇਂਦਰ ਸਰਕਾਰਾਂ ਨੇ ਕਿਸਾਨਾਂ ਦੇ ਭਲੇ ਦੀ ਕੋਈ ਗੱਲ ਅੱਜ ਤੱਕ ਨਹੀਂ ਕੀਤੀ। ਸਗੋਂ ਕਿਸਾਨ ਮਾਰੂ ਲੋਕ ਵਿਰੋਧੀ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਹੈ। ਕਿਸਾਨਾਂ ਨੂੰ ਆਪਣੇ ਹੱਕਾਂ ਦੀ ਲੜਾਈ ਆਪਣੇ ਬਲਬੂਤੇ 'ਤੇ ਹੀ ਲੜਨੀ ਪਵੇਗੀ। ਜਿਨ੍ਹਾਂ ਕਿਸਾਨਾਂ ਨੇ ਦੇਸ਼ ਦੀ ਆਜਾਦੀ ਵਿੱਚ ਅਤੇ ਅੰਨ ਭੰਡਾਰਾਂ ਵਿਚ ਹਿੱਸਾ ਪਾਇਆ ਉਹ ਕਿਸਾਨ ਅੱਜ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ।

ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਐਮ ਐਸ ਪੀ ਦਾ ਕਾਨੂੰਨ ਬਣਾਇਆ ਜਾਵੇ, ਕਿਸਾਨਾਂ ਮਜਦੂਰਾਂ ਨੂੰ 60 ਸਾਲ ਦੀ ਉਮਰ ਤੋਂ ਬਾਅਦ ਦਸ ਹਜਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਗਾਈ ਜਾਵੇ। ਇਸ ਮੌਕੇ 'ਤੇ ਬਰਜਿੰਦਰ ਸਿੰਘ ਡੋਡ ਵੀ ਹਾਜਰ ਸਨ।

## ਆਰ ਐੱਮ ਪੀ ਆਈ ਵੱਲੋਂ ਮਨੂੰਵਾਦ ਤੇ ਫਾਸ਼ੀਵਾਦ ਵਿਸ਼ੇ 'ਤੇ ਵਿਚਾਰ-ਚਰਚਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-"ਸੰਘ ਪਰਵਾਰ ਅਤੇ ਮੋਦੀ-ਸ਼ਾਹ ਸਰਕਾਰ ਦੇ ਫਿਰਕੂ-ਫਾਸ਼ੀਵਾਦੀ, ਵੰਡਵਾਦੀ ਏਜੰਡੇ ਨੂੰ ਭਾਂਜ ਦੇਣ ਲਈ ਦੇਸ਼ ਦੇ ਭਵਿੱਖ ਲਈ ਫਿਕਰਮੰਦ ਪ੍ਰਗਤੀ ਹਾਮੀ ਤੇ ਸੰਘਰਸ਼ਸ਼ੀਲ ਸੰਸਥਾਵਾਂ ਅਤੇ ਸੁਹਿਰਦ ਦਾਨਿਸ਼ਮੰਦਾਂ ਵੱਲੋਂ ਸਾਂਝਾ ਮੰਚ ਉਸਾਰ ਕੇ ਦੇਸ਼ ਵਿਆਪੀ ਘੋਲ ਵਿੱਢਣੇ ਅਜੋਕੇ ਦੌਰੇ ਦੀ ਸਭ ਤੋਂ ਵਡੇਰੀ ਲੋੜ ਹੈ।" ਇਹ ਸ਼ਬਦ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਹੁਸ਼ਿਆਰਪੁਰ ਜ਼ਿਲ੍ਹਾ ਕਮੇਟੀ ਵੱਲੋਂ ਤਲਵਾੜਾ ਵਿਖੇ ਦੇਸ਼ ਦੇ ਭਵਿੱਖ ਲਈ ਫਿਕਰਮੰਦ ਸੰਸਥਾਵਾਂ ਅਤੇ ਸੂਝਵਾਨ ਸ਼ਖਸੀਅਤਾਂ ਨਾਲ ਸੰਵਾਦ ਰਚਾਉਣ ਲਈ ਸ਼ੁਰੂ ਕੀਤੀ ਜਨ ਚੇਤਨਾ ਮੁਹਿੰਮ ਤਹਿਤ ਮਨੂੰਵਾਦ ਅਤੇ ਫਾਸ਼ੀਵਾਦ ਵਿਸ਼ੇ 'ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਹਰਕੰਵਲ ਸਿੰਘ ਨੇ ਕਹੇ।

ਉਨ੍ਹਾਂ ਨੇ ਕਿਹਾ ਕਿ ਮੋਦੀ-ਸ਼ਾਹ ਸਰਕਾਰ ਵੱਲੋਂ, ਭਾਰਤ ਨੂੰ ਇਕ ਧਰਮ ਆਧਾਰਿਤ ਕੱਟੜ ਹਿੰਦੂ ਰਾਸ਼ਟਰ 'ਚ ਤਬਦੀਲ ਕਰਨ ਲਈ ਯਤਨਸ਼ੀਲ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਇਸ਼ਾਰਿਆਂ 'ਤੇ ਦੇਸ਼ ਦੇ ਜਮਹੂਰੀ, ਧਰਮ ਨਿਰਪੱਖ ਅਤੇ ਫੈਡਰਲ ਢਾਂਚੇ ਨੂੰ ਯੋਜਨਾਬੱਧ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਦੇਸ਼ ਦੀ ਕਿਰਤੀ ਲੋਕਾਈ ਨੂੰ ਧਰਮ ਦੇ ਆਧਾਰ 'ਤੇ ਵੰਡਣ ਲਈ ਸੰਘ ਦੇ ਖਰੂਦੀ ਟੋਲੇ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਅਤੇ ਈਸਾਈਆਂ 'ਤੇ ਘਾਤਕ ਹਮਲੇ ਕਰ ਰਹੇ ਹਨ ਅਤੇ ਇਨ੍ਹਾਂ ਨੇ ਸ਼ਾਂਤੀ ਤੇ ਸਾਂਝੀਵਾਲਤਾ ਦੇ ਪ੍ਰਤੀਕ ਧਾਰਮਿਕ ਤਿਉਹਾਰਾਂ ਨੂੰ ਵੀ ਹਿੰਸਾ ਦੇ ਅਖਾੜੇ ਬਣਾ ਦਿੱਤਾ ਹੈ। ਬੁਲਾਰਿਆਂ ਨੇ ਕਿਹਾ ਕਿ ਆਰ.ਐਸ.ਐਸ ਵੱਲੋਂ ਕੀਤੇ ਜਾ ਰਹੇ ਫਿਰਕੂ ਕਤਾਰਬੰਦੀ ਦੇ ਕੋਝੇ ਯਤਨਾਂ ਦਾ ਇਕ ਖਤਰਨਾਕ ਮਕਸਦ ਸਾਮਰਾਜੀ ਅਤੇ ਕਾਰਪੋਰੇਟ ਲੁੱਟ ਦੀ ਜਾਮਨੀ ਕਰਦੀਆਂ ਨਵ ਉਦਾਰਵਾਦੀ ਨੀਤੀਆਂ ਖਿਲਾਫ਼ ਲੋਕਾਈ ਦੇ ਸੰਘਰਸ਼ਾਂ ਨੂੰ ਕੁਰਾਹੇ ਪਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਸੰਘ-ਭਾਜਪਾ ਤੇ ਮੋਦੀ ਸਰਕਾਰ ਸੈਂਕੜੇ ਕਰੋੜ ਗਰੀਬ ਹਿੰਦੂਆਂ ਨੂੰ ਕੰਗਾਲ ਕਰਕੇ ਅਡਾਨੀ-ਅੰਬਾਨੀ ਜਿਹੇ ਮੁੱਠੀ ਭਰ ਕਾਰਪੋਰੇਟ ਲੋਟੂਆਂ ਦੀਆਂ ਤਿਜੌਰੀਆਂ ਭਰਨ ਦੇ ਕੁਕਰਮ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਧਰਮ ਦੇ ਨਾਂਅ 'ਤੇ ਲੜਾ ਕੇ ਭਰਾ ਮਾਰੂ ਜੰਗ ਛੇੜਨ ਦੇ ਆਹਰ ਲੱਗੇ ਹੋਏ ਹਨ ਅਤੇ ਉਨ੍ਹਾਂ ਦੇ ਇਹ ਕਾਰੇ ਦੇਸ਼ ਦੀ ਸੁਤੰਤਰਤਾ, ਪ੍ਰਭੂ ਸਪੰਨਤਾ ਤੇ ਭੂਗੋਲਿਕ ਏਕਤਾ ਲਈ ਵੀ ਘਾਤਕ ਸਿੱਧ ਹੋਣਗੇ। ਪ੍ਰਧਾਨਗੀ ਸਾਥੀ ਗਿਆਨ ਸਿੰਘ ਗੁਪਤਾ, ਮਾਸਟਰ ਜੋਧ ਸਿੰਘ ਕੋਟਲੀ, ਧਰਮਿੰਦਰ ਸਿੰਘ, ਰਾਮੇਸ਼ ਸਹੋਤਾ, ਖੁਸ਼ੀ ਰਾਮ ਨੇ ਕੀਤੀ।

## ਸਮਾਜ ਸੇਵਕ ਬਿੰਬ ਵੱਲੋਂ ਦੇਹਰੀਵਾਲ ਵੇਟ ਲਿਫਟਿੰਗ ਸੈਂਟਰ ਲਈ 20 ਹਜ਼ਾਰ ਰੁਪਏ ਭੇਟ



**ਅੱਡਾ ਸਰਾਂ (ਕਾਜਲ)**-ਸਰਕਾਰੀ ਹਾਈ ਸਕੂਲ ਦੇਹਰੀਵਾਲ ਵਿਚ ਸਕੂਲ ਮੁਖੀ ਜਤਿੰਦਰਪਾਲ ਸਿੰਘ ਅਤੇ ਕੋਚ ਬਲਜਿੰਦਰ ਸਿੰਘ ਭਿੰਡਰ ਦੀ ਅਗਵਾਈ 'ਚ ਚੱਲ ਰਹੇ ਇਸ ਸੈਂਟਰ 'ਚ ਕਰਵਾਏ ਗਏ ਸਮਾਗਮ 'ਚ ਸਮਾਜ ਸੇਵਕ ਜੋਗਿੰਦਰ ਸਿੰਘ ਬਿੰਬ ਨੇ ਸੈਂਟਰ ਲਈ 20 ਹਜ਼ਾਰ ਰੁਪਏ ਭੇਟ ਕਰਦੇ ਹੋਏ ਭਵਿੱਖ ਵਿਚ ਵੀ ਇਹ ਸਾਥ ਜਾਰੀ ਰੱਖਣ ਦਾ ਭਰੋਸਾ ਦਿੱਤਾ। ਉਨ੍ਹਾ ਇਸ ਮੌਕੇ ਉਨ੍ਹਾਂ ਖਿਡਾਰੀਆਂ ਨੂੰ ਖੇਡ ਵਿਚ ਸਖਤ ਮਿਹਨਤ ਕਰਕੇ ਦੇਸ਼ ਦਾ ਨਾਂਅ ਰੋਸ਼ਨ ਕਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਮੁਖੀ ਜਤਿੰਦਰ ਪਾਲ ਸਿੰਘ ਨੇ ਬਿੰਬ ਅਤੇ ਹਰਦੀਪ ਸਿੰਘ ਬੀਰਮਪੁਰ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਸੈਂਟਰ ਦੀਆਂ ਪ੍ਰਾਪਤੀਆਂ ਅਤੇ ਖਿਡਾਰੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਰਪੰਚ ਹਰਦਿਆਲ ਸਿੰਘ, ਨੰਬਰਦਾਰ ਮਨਪ੍ਰੀਤ ਸਿੰਘ, ਡਾ.ਦਵਿੰਦਰ ਸਿੰਘ, ਉਂਕਾਰ ਸਿੰਘ ਦੇਹਰੀਵਾਲ, ਮਨੀ ਦੇਹਰੀਵਾਲ, ਕੁਲਵਿੰਦਰ ਸਿੰਘ, ਸਰਬਜੋਤ ਸਿੰਘ, ਐੱਸ.ਪੀ.ਦੇਹਰੀਵਾਲ, ਅਮ੍ਰਿਤਪਾਲ ਸਿੰਘ ਆਦਿ ਮੌਜੂਦ ਸਨ।

## ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀਆਂ ਟੀਮਾਂ ਦਰਮਿਆਨ ਵਾਲੀਵਾਲ ਫਰੈਂਡਲੀ ਮੈਚ



**ਕਪੂਰਥਲਾ, ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਫਰੈਂਡਲੀ ਵਾਲੀਵਾਲ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ।

ਜਿਸ ਵਿਚ ਮੇਜ਼ਬਾਨ ਸਕੂਲ ਤੋਂ ਇਲਾਵਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਹਿੱਸਾ ਲਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਵੀ ਵਿਸ਼ੇਸ਼ ਤੌਰ 'ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚੇ । ਵਿਦਿਆਰਥੀਆਂ ਵਿੱਚ ਸਪੋਰਟਸਮੈਨ ਦੀ ਭਾਵਨਾ ਪੈਦਾ ਕਰਨ ਲਈ ਲੜਕਿਆਂ ਅਤੇ ਲੜਕੀਆਂ ਦੀਆਂ ਟੀਮਾਂ ਜ਼ੋਰਦਾਰ ਖੇਡ ਦਾ ਪ੍ਰਦਰਸ਼ਨ ਕੀਤਾ । ਇਸ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਪ੍ਰਿੰਸੀਪਲ ਰੇਨੂੰ ਅਰੋੜਾ, ਮੈਡਮ ਬਲਵਿੰਦਰ ਕੌਰ, ਨਰਿੰਦਰ ਪੱਤੜ, ਨੀਲਮ ਕਾਲੜਾ, ਅਨੀਤਾ ਸਹਿਗਲ, ਰਜਨੀ ਅਰੋੜਾ, ਰੇਨੂੰ ਬਾਲਾ, ਲਵਿਤਾ, ਅਮਨਦੀਪ ਕੌਰ, ਪ੍ਰਵੀਨ ਕੌਰ, ਦਵਿੰਦਰ ਕੌਰ, ਪਰਮਿੰਦਰ ਕੌਰ, ਮੀਨਾਕਸ਼ੀ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਰਣਧੀਰ ਸਿੰਘ, ਰਣਜੀਤ ਸਿੰਘ, ਕੁਲਵਿੰਦਰ ਕੌਰ, ਸੁਮਨਦੀਪ ਕੌਰ, ਰਾਜ ਰਾਣੀ, ਮਨਜਿੰਦਰ ਸਿੰਘ ਆਦਿ ਸਟਾਫ਼ ਮੈਂਬਰ ਹਾਜਰ ਸਨ ।

## ਪਾਲਕੀ ਵਾਲੀ ਬੱਸ ਭੇਟ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )**-ਸਵ : ਬੀਬੀ ਕੁੰਦਨ ਕੌਰ ਪਤਨੀ ਸਵ : ਪਾਖਰ ਚੰਦ ਬਿਹਾਲ ਦੇ ਸਮੂਹ ਪਰਵਾਰ ਵਲੋਂ ਪਿੰਡ ਸੁੰਨੜ ਕਲਾਂ ਗੁਰਦੁਆਰਾ ਸਾਹਿਬ ਧੰਨ ਧੰਨ ਬਾਬੇ ਸ਼ਹੀਦਾਂ ਦੇ ਪਵਿੱਤਰ ਅਸਥਾਨ ਲਈ ਪਾਲਕੀ ਵਾਲੀ ਬੱਸ ਭੇਂਟ ਕੀਤੀ।

ਹੈੱਡ ਗ੍ਰੰਥੀ ਜਗਤਾਰ ਸਿੰਘ ਨੇ ਅਰਦਾਸ ਕਰਨ ਉੱਪਰੰਤ ਸਵ : ਬੀਬੀ ਕੁੰਦਨ ਕੌਰ ਪਤਨੀ ਸਵ : ਪਾਖਰ ਚੰਦ ਬਿਹਾਲ ਦੇ ਪਰਵਾਰ ਗੁਰਦੇਵ ਚੰਦ, ਚਰਨਜੀਤ, ਅਸ਼ੋਕ ਕੁਮਾਰ ਕਨੇਡਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਘਰ ਦੀ ਸੇਵਾ ਕਰਮਾਂ-ਭਾਗਾਂ ਵਾਲਿਆਂ ਨੂੰ ਹੀ ਮਿਲਦੀ ਹੈ ਅਤੇ ਯੂਰਪ ਦੀਆਂ ਸੰਗਤਾਂ ਦੀ ਸੇਵਾ ਘਾਲ ਥਾਏਂ ਪਈ ਹੈ। ਇਸ ਮੌਕੇ ਤੇ ਪ੍ਰਧਾਨ ਗਿਆਨ ਸਿੰਘ ਵਾਇਸ ਪ੍ਰਧਾਨ ਕੈਪਟਨ ਕੇਵਲ ਸਿੰਘ, ਸਕੱਤਰ ਸੁਖਵਿੰਦਰ ਸਿੰਘ , ਤਰਸੇਮ ਸਿੰਘ ਅਮਰਜੀਤ ਸਿੰਘ, ਹਰਬੰਸ ਸਿੰਘ , ਹਰਜੀਤ ਸਿੰਘ , ਬਲਿਹਾਰ ਸਿੰਘ , ਅਮਰਜੀਤ ਸਿੰਘ , ਕੁਲਵੰਤ ਸਿੰਘ, ਹਰਦੀਪ ਸਿੰਘ, ਪ੍ਰਧਾਨ ਜਸਵਿੰਦਰ ਸਿੰਘ, ਪਰਦੀਪ ਸਿੰਘ ਮੈਂਬਰ ਪੰਚਾਇਤ , ਜੱਸਾ, ਜਸਵੀਰ ਸਿੰਘ, ਰਾਜੀਵ ਜੋਸ਼ੀ , ਬਿਹਾਲ ਪਵਿੱਤਰ ਪਿੰਡ ਵਾਸੀ ਮੌਕੇ 'ਤੇ ਹਾਜਰ ਸਨ ।

## ਸੱਭਰਵਾਲ ਗੋਤ ਦੇ ਜਠੇਰਿਆਂ ਦਾ ਜੋੜ ਮੇਲਾ ਸੰਪੰਨ

**ਅੱਡਾ ਸਰਾਂ ( ਜਸਵੀਰ ਕਾਜਲ)** ਪਿੰਡ ਬੱਸੀ ਜਲਾਲ ਵਿਖੇ ਸੱਭਰਵਾਲ ਗੋਤ ਦੇ ਜਠੇਰਿਆਂ ਦੇ ਦਰਬਾਰ 'ਤੇ ਪ੍ਰਬੰਧਕ ਕਮੇਟੀ ਅਤੇ ਸਮੂਹ ਸਭਰਵਾਲ ਪਰਵਾਰ ਵਲੋਂ ਚਾਦਰ, ਚਿਰਾਗ ਰੋਸ਼ਨ ਅਤੇ ਝੰਡਾ ਚੜ੍ਹਾਉਣ ਦੀ ਰਸਮ ਤੇ ਧਾਰਮਿਕ ਪ੍ਰੋਗਰਾਮ ਮੁੱਖ ਸੇਵਾਦਾਰ ਕਰਮ ਸਿੰਘ ਅਤੇ ਏ ਐੱਸ ਆਈ ਜੋਗਿੰਦਰ ਸਿੰਘ ਦੀ ਦੇਖ ਰੇਖ ਹੇਠ ਕਰਵਾਇਆ ਗਿਆ। ਰਹਿਮਤ ਕਵਾਲ ਪਾਰਟੀ ਬੈਂਚਾਂ, ਸਾਬਰ ਬੈਂਚਾਂ ਨਕਾਲ ਪਾਰਟੀ ਅਤੇ ਸੁਰਿੰਦਰ ਲਾਡੀ ਦੋਗਾਣਾ ਜੋੜੀ ਭੋਗਪੁਰ (ਇੰਟਰਨੈਸ਼ਨਲ ਪਾਰਟੀ) ਵੱਲੋਂ ਆਪਣੇ ਫਨ ਦਾ ਮੁਜ਼ਾਹਰਾ ਕੀਤਾ । ਇਸ ਮੌਕੇ ਕਰਮ ਸਿੰਘ ਪੰਚ, ਨੰਬਰਦਾਰ ਮਨਜੀਤ ਸਿੰਘ, ਸਰਪੰਚ ਵਿਜੇ ਕੁਮਾਰ, ਮਲਕੀਤ ਸਿੰਘ, ਨਿੱਕੂ ਹਰਮੇਸ਼ ਸਿੰਘ ਪੰਚ, ਸੁਖਵੀਰ ਸਿੰਘ, ਬਾਬਾ ,ਦਿਲਬਾਗ ਸਿੰਘ, ਕਰਨਵੀਰ ਸਿੰਘ, ਹਰਪ੍ਰੀਤ ਸਿੰਘ, ਬਾਬਾ ਜਸਵੀਰ ਸਿੰਘ ਪੰਨਾ, ਜਸਵਿੰਦਰ ਸਿੰਘ ਕਾਲਾ, ਇੰਦਰਜੀਤ ਸਿੰਘ ਲਾਡੀ ,ਸਵ. ਬਲਜੀਤ ਸਿੰਘ ਬੈਜੀਤੂ ਦੇ ਸਮੂਹ ਪਰਵਾਰ ਆਦਿ ਸੰਗਤਾਂ ਹਾਜਰ ਸਨ।

## ਸੰਧਵਾਂ ਵੱਲੋਂ ਧਰਤੀ ਹੇਠਲੇ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸੂਬਾ ਵਾਸੀਆਂ ਖਾਸਕਰ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿਗਣ ਤੋਂ ਰੋਕਣ ਲਈ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ। ਸੰਧਵਾਂ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਹੋ ਰਹੀ ਦੁਰਵਰਤੋਂ ਕਾਰਨ ਪੰਜਾਬ ਭਰ ਵਿੱਚ ਪਾਣੀ ਦਾ ਪੱਧਰ ਤੇਜ਼ੀ ਨਾਲ ਡਿਗ ਰਿਹਾ ਹੈ ਅਤੇ ਸੂਬੇ ਦੇ 150 ਬਲਾਕਾਂ ਵਿੱਚੋਂ 78 ਫੀਸਦੀ ਤੋਂ ਵੱਧ ਜ਼ਮੀਨੀ ਪਾਣੀ ਦੇ ਹੇਠਾਂ ਜਾਣ ਕਾਰਨ 'ਡਾਰਕ ਜ਼ੋਨ' ਵਿੱਚ ਆ ਗਏ ਹਨ। ਤੇਜ਼ੀ ਨਾਲ ਡਿਗ ਰਹੇ ਧਰਤੀ ਹੇਠਲੇ ਪਾਣੀ ਦੇ ਪੱਧਰ 'ਤੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਸਪੀਕਰ ਨੇ ਕਿਹਾ ਕਿ ਕਿਸਾਨਾਂ ਨੂੰ ਰਵਾਇਤੀ ਝੋਨੇ ਦੀ ਲੁਆਈ ਤੋਂ ਸਿੱਧੀ ਬਿਜਾਈ ਵਰਗੀ ਉੱਨਤ ਤਕਨੀਕ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾ ਕਿਹਾ ਕਿ ਪੰਜਾਬ ਵੱਲੋਂ ਦੇਸ਼ ਦੇ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ।

ਦੇਸ਼ ਦਾ ਢਿੱਡ ਭਰਨ ਲਈ ਪੰਜਾਬ ਨੇ ਕਣਕ-ਝੋਨੇ ਫਸਲਾਂ ਦੀ ਉਪਜ ਕੀਤੀ ਅਤੇ ਧਰਤੀ ਹੇਠਲੇ ਪਾਣੀ ਦਾ ਵੱਧ ਤੋਂ ਵੱਧ ਵਰਤਿਆ ਜਿਸ ਦੇ ਸਿੱਟੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਡਿਗਦਾ ਜਾ ਰਿਹਾ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਨੂੰ ਅਪਣਾਉਣ ਦੇ ਮਨਸ਼ੇ ਨਾਲ ਝੋਨੇ ਦੀ ਸਿੱਧੀ ਬਿਜਾਈ (ਡੀ ਐਸ ਆਰ) ਦੀ ਤਕਨੀਕ ਅਪਨਾਉਣ ਲਈ ਉਤਸ਼ਾਹਤ ਕਰਨ ਦੀ ਵਿਲੱਖਣ ਪਹਿਲ ਕੀਤੀ ਗਈ ਹੈ। ਇਸ ਮਕਸਦ ਦੀ ਪੂਰਤੀ ਲਈ ਸਰਕਾਰ ਨੇ ਕਿਸਾਨਾਂ ਨੂੰ ਸਿੱਧੀ ਬਿਜਾਈ ਲਈ ਪ੍ਰਤੀ ਏਕੜ 1500 ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਹੈ ਤਾਂ ਜੋ ਕਿਸਾਨ ਝੋਨੇ ਦੀ ਲੁਆਈ ਲਈ ਰਵਾਇਤੀ ਤਰੀਕੇ ਛੱਡ ਕੇ ਪਾਣੀ ਦੀ ਬੱਚਤ ਕਰਨ ਦੇ ਉਦਮਾਂ 'ਚ ਆਪਣਾ ਬਣਦਾ ਯੋਗਦਾਨ ਪਾ ਸਕਣ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਸਿੱਧੀ ਬਿਜਾਈ ਕਰਨ ਅਤੇ ਪਾਣੀ ਬਚਾਉਣ 'ਚ ਅਹਿਮ ਭੂਮਿਕਾ ਨਿਭਾਉਣ। ਉਨ੍ਹਾ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਤਹਿਤ ਵੱਖੋ-ਵੱਖ ਫਸਲਾਂ ਜਿਵੇਂ ਮੂੰਗੀ, ਮੱਕੀ, ਦਾਲਾਂ ਅਤੇ ਬਾਜਰੇ ਸਮੇਤ ਬਦਲਵੀਂ ਫਸਲਾਂ ਦੀ ਪੈਦਾਵਾਰ ਕਰਨ ਦੀ ਅਪੀਲ ਵੀ ਕੀਤੀ। ਸੰਧਵਾਂ ਨੇ ਕਿਹਾ ਕਿ ਕਿਸਾਨਾਂ ਨੂੰ ਅਪੀਲ ਹੈ ਕਿ ਉਹ ਸਿੰਜਾਈ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਅਤੇ ਜ਼ਮੀਨੀ ਪਾਣੀ ਦੀ ਵਰਤੋਂ ਅਤਿ ਜ਼ਰੂਰਤਮੰਦ ਹਲਾਤ ਵਿੱਚ ਹੀ ਕੀਤੀ ਜਾਵੇ। ਉਨ੍ਹਾ ਕਿਹਾ ਕਿ ਜ਼ਿੰਮੇਵਾਰ ਨਾਗਰਿਕ ਹੋਣ ਸਦਕਾ ਸਾਨੂੰ ਆਪਣੇ ਘਰਾਂ ਵਿੱਚ ਵੀ ਪਾਣੀ ਦੀ ਸੰਜਮ ਨਾਲ ਵਰਤੋਂ ਕਰਨੀ ਚਾਹੀਦੀ ਹੈ ਅਤੇ ਲੋੜ ਅਨੁਸਾਰ ਪਾਣੀ ਵਰਤਣਾ ਚਾਹੀਦਾ ਹੈ। ਘਰਾਂ ਦੀਆਂ ਫਾਲਤੂ ਚਲ ਰਹੀਆਂ ਅਤੇ ਨਿਰੰਤਰ ਲੀਕ ਹੋ ਰਹੀਆਂ ਟੂਟੀਆਂ ਨੂੰ ਦਰੁਸਤ ਕਰਾਉਣਾ ਚਾਹੀਦਾ ਹੈ।

## 'ਜਮਹੂਰੀ ਕਿਸਾਨ ਸਭਾ ਪੰਜਾਬ ਕਿਸਾਨਾਂ ਦਾ ਉਜਾੜਾ ਨਹੀਂ ਹੋਣ ਦੇਵੇਗੀ'

**ਜਲੰਧਰ** : ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾਈ ਮੀਟਿੰਗ ਸੂਬਾ ਦਫਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ, ਗੜ੍ਹਾ ਜਲੰਧਰ ਵਿਖੇ ਸੂਬਾਈ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਤੇ ਸੂਬਾ ਸਰਕਾਰ ਕਿਸਾਨ ਵਿਰੋਧੀ ਨੀਤੀਆਂ ਲਾਗੂ ਕਰਕੇ ਕਿਸਾਨਾਂ ਦਾ ਉਜਾੜਾ ਕਰਨਾ ਚਾਹੁੰਦੀ ਹੈ। ਜਿਸ ਨੂੰ ਜਮਹੂਰੀ ਕਿਸਾਨ ਸਭਾ ਪੰਜਾਬ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਕੇਂਦਰ ਸਰਕਾਰ ਵੱਲੋਂ ਮੰਗੀਆਂ ਮੰਗਾਂ ਲਾਗੂ ਕਰਵਾਉਣ ਅਤੇ ਰਹਿੰਦੀਆਂ ਮੰਗਾਂ ਦੇ ਹੱਲ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 28 ਮਈ ਨੂੰ ਸਾਰੇ ਦੇਸ਼ ਦੇ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਨੂੰ ਰੋਸ ਪ੍ਰਦਰਸ਼ਨ ਕਰਕੇ ਚਿਤਾਵਨੀ ਪੱਤਰ ਦਿੱਤੇ ਜਾਣਗੇ। ਜਿਸ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਪੂਰੇ ਜ਼ੋਰ ਸ਼ੋਰ ਨਾਲ ਸ਼ਾਮਲ ਹੋਵੇਗੀ। ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਅੱਪਰਬਾਰੀ ਦੁਆਬ ਨਹਿਰ ਜੋ ਕਿ ਮਾਝੇ ਦੇ ਇਲਾਕੇ ਵਿੱਚ ਸੰਜਾਈ ਦਾ ਮੁੱਖ ਸਰੋਤ ਹੈ, ਪਰ ਹੁਣ ਉਸ ਦਾ ਸਾਰਾ ਪ੍ਰਬੰਧ ਟੁੱਟ ਚੁੱਕਿਆ ਹੈ। ਉਸ ਪ੍ਰਬੰਧ ਨੂੰ ਠੀਕ ਕਰਵਾਉਣ, ਨਹਿਰਾਂ, ਸੂਇਆਂ, ਕੱਸੀਆਂ ਤੇ ਖਾਲਾਂ ਦੀ ਮੁਰੰਮਤ ਲਈ ਅਤੇ ਰਾਵੀ ਦਰਿਆ ਦੇ ਸਾਰੇ ਪਾਣੀ ਨੂੰ ਖੇਤੀ ਲਈ ਵਰਤਣ ਦੀ ਮੰਗ ਨੂੰ ਲੈ ਕੇ 25 ਮਈ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵੱਡਾ ਇੱਕਠ ਕੀਤਾ ਜਾਵੇਗਾ ਤਾਂ ਜੋ ਸੂਬਾ ਸਰਕਾਰ ਨੂੰ ਗਹਿਰੀ ਨੀਂਦ ਤੋਂ ਜਗਾਇਆ ਜਾ ਸਕੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੁਧਿਆਣਾ ਦੇ ਬੁੱਢੇ ਨਾਲੇ ਦੀ ਸਫਾਈ ਲਈ ਐਲਾਨ ਕੀਤੇ 650 ਕਰੋੜ ਰੁਪਏ ਜਾਰੀ ਕਰਵਾਉਣ, ਸ਼ਹਿਰ ਦਾ ਪ੍ਰਦੂਸ਼ਤ ਪਾਣੀ ਸਤਲੁਜ ਦਰਿਆ ਵਿੱਚ ਪੈਣ ਤੋਂ ਰੋਕਣ, ਸ਼ਹਿਰ ਦੇ ਗਟਰਾਂ ਰਾਹੀਂ ਲੋਕਾਂ ਦੇ ਘਰਾਂ, ਮਹੱਲਿਆਂ ਵਿੱਚ ਜ਼ਹਿਰੀਲੀ ਗੈਸ ਦੀ ਰੋਕਥਾਮ, ਵਧ ਰਹੇ ਪ੍ਰਦੂਸ਼ਣ ਨੂੰ ਬੰਦ ਕਰਵਾਉਣ ਲਈ 8 ਜੂਨ ਨੂੰ ਲੁਧਿਆਣਾ ਦੇ ਡੀ ਸੀ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜੇ ਸੂਬਾ ਸਰਕਾਰ ਨੇ ਉਪਰੋਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸਭਾ ਅਗਲਾ ਸਖਤ ਐਕਸ਼ਨ ਕਰਨ ਲਈ ਮਜਬੂਰ ਹੋਵੇਗੀ। ਮੀਟਿੰਗ ਵਿੱਚ ਮਤਾ ਪਾਸ ਕਰਕੇ ਮਨੁੱਖੀ ਹੱਕਾਂ ਲਈ ਅਵਾਜ਼ ਬੁਲੰਦ ਕਰਨ ਵਾਲੀ ਕਾਰਕੁੰਨ ਡਾ. ਨਵਸ਼ਰਨ ਕੌਰ ਨੂੰ ਸਰਕਾਰਾਂ ਵੱਲੋਂ ਏਜੰਸੀਆਂ ਰਾਹੀ ਤੰਗ ਪ੍ਰੇਸ਼ਾਨ ਕਰਨ ਦੀ ਨਿਖੇਧੀ ਕੀਤੀ ਅਤੇ ਉਸ ਦੇ ਹੱਕ ਵਿੱਚ ਡਟਣ ਦਾ ਮਤਾ ਪਾਸ ਕੀਤਾ। ਰਾਜਧਾਨੀ ਦਿੱਲੀ ਵਿਖੇ ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਹੱਕ ਵਿੱਚ ਵੀ ਮਤਾ ਪਾਸ ਕੀਤਾ। ਜਮਹੂਰੀ ਕਿਸਾਨ ਸਭਾ ਨੇ ਮੰਗ ਕੀਤੀ ਕਿ ਜਿਨਸੀ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਮੀਟਿੰਗ ਵਿੱਚ ਆਗੂਆਂ ਨੇ ਆਖਿਆ ਕਿ ਭਾਰਤ ਮਾਲਾ ਪ੍ਰੋਜੈਕਟ ਅਧੀਨ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਜਬਰੀ ਕਬਜ਼ਾ ਨਾ ਕੀਤਾ ਜਾਵੇ। ਕਿਸਾਨਾਂ ਨੂੰ ਜ਼ਮੀਨਾਂ ਦਾ ਮਾਰਕੀਟ ਰੇਟ ਸਮੇਤ ਸਾਰੇ ਭੱਤੇ ਦਿੱਤੇ ਜਾਣ। ਜੇ ਸਰਕਾਰ ਨੇ ਕਿਸਾਨਾਂ ਨਾਲ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜਮਹੂਰੀ ਕਿਸਾਨ ਸਭਾ ਪੰਜਾਬ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਮੀਟਿੰਗ ਵਿੱਚ ਆਗੂਆਂ ਨੇ ਕਿਸਾਨਾਂ ਨੂੰ ਕਣਕ ਦੀ ਨਾੜ ਨੂੰ ਅੱਗ ਨਾ ਲਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਖੇਤੀ ਦੀ ਰਹਿੰਦ ਖੂੰਹਦ ਨੂੰ ਸਾਂਭਣ ਦਾ ਪ੍ਰਬੰਧ ਕਰੇ। ਸੂਬਾਈ ਖਜ਼ਾਨਚੀ ਹਰਪ੍ਰੀਤ ਸਿੰਘ ਬੁਟਾਰੀ ਵੱਲੋਂ ਪਿਛਲੇ ਖਰਚੇ ਦੀ ਰੀਪੋਟਿੰਗ ਕੀਤੀ ਗਈ। ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

# ਨਸ਼ਾ ਵਿਰੋਧੀ ਮੁਹਿੰਮ 'ਚ ਸਾਥ ਨਾ ਦੇਣ 'ਤੇ ਵਿਧਾਇਕ ਖਿਲਾਫ ਰੋਸ ਮਾਰਚ

## ਡਾ. ਵਿਜੈ ਸਿੰਗਲਾ, ਡਰੱਗ ਇੰਸਪੈਕਟਰ ਤੇ ਨਸ਼ਾ ਵਿਕਰੇਤਾ ਦਾ ਫੂਕਿਆ ਪੁਤਲਾ



ਮਾਨਸਾ (ਆਤਮਾ ਸਿੰਘ ਪਮਾਰ)

ਮਾਨਸਾ ਦੇ ਵਿਧਾਇਕ ਡਾ. ਵਿਜੈ ਕੁਮਾਰ ਸਿੰਗਲਾਂ ਵੱਲੋਂ ਮਾਨਸਾ ਸ਼ਹਿਰ ਵਿੱਚ ਮੈਡੀਕਲ ਨਸ਼ਿਆਂ ਖਿਲਾਫ ਮੁਹਿੰਮ ਵਿੱਚ ਮਾਨਸਾ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਦਾ ਸਾਥ ਨਾ ਦੇਣ ਤੇ ਮਾਨਸਾ ਸ਼ਹਿਰ 'ਚ ਵਿਕ ਰਹੇ ਨਸ਼ੇ ਖਿਲਾਫ ਕੋਈ ਬਿਆਨ ਨਾ ਦੇਣ ਕਾਰਨ ਮਾਨਸਾ ਸ਼ਹਿਰ ਦੇ ਨੌਜਵਾਨਾਂ ਤੇ ਨਸ਼ੇ ਖਿਲਾਫ ਇਸ ਮੁਹਿੰਮ ਵਿੱਚ ਸ਼ਾਮਲ ਜੰਥੇਬੰਦੀਆਂ ਵੱਲੋਂ ਮਾਨਸਾ ਦੇ ਵਿਧਾਇਕ ਤੇ ਹੋਰ ਰਾਜਨੀਤਕ ਪਾਰਟੀਆਂ ਜਿਵੇ ਅਕਾਲੀ ਦਲ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ, ਨਸ਼ਾ ਵੇਚਣ ਵਾਲੇ ਦੁਕਾਨਦਾਰਾਂ ਤੇ ਇਨ੍ਹਾਂ ਦਾ ਸਮਰਥਨ ਕਰਨ ਵਾਲੇ ਡਰੱਗ ਇੰਸਪੈਕਟਰ ਦਾ ਪੁਤਲਾ ਫੂਕਿਆ ਗਿਆ। ਇਸ ਸੰਬਧੀ ਮਾਨਸਾ ਦੇ ਨੌਜਵਾਨਾਂ ਨੇ ਸ਼ਹਿਰ ਦੇ ਗੁਰਦਆਰਾ ਚੌਕ ਵਿੱਚ ਪਹਿਲਾਂ ਇਕੱਠ ਕੀਤਾ, ਜਿੱਥੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਤੇ ਆਮ ਸ਼ਹਿਰ ਵਾਸੀਆਂ ਨੇ ਇਕੱਠੇ ਹੋਏ ਨੌਜਵਾਨਾਂ ਨੂੰ ਸੰਬੋਧਨ ਵੀ ਕੀਤਾ, ਜਿਸ ਵਿੱਚ ਇਨ੍ਹਾਂ ਆਗੂਆਂ ਵੱਲੋਂ ਆਪਣਾ ਸਮਰਥਨ ਸਮੂਹਕ ਤੌਰ 'ਤੇ ਪਰਵਿੰਦਰ ਸਿੰਘ ਝੋਟਾ ਦੀ ਇਸ ਮੁਹਿੰਮ ਨੂੰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੀ ਇਹ ਮੁਹਿੰਮ ਜਲਦੀ ਸਾਰੇ ਪੰਜਾਬ ਵਿੱਚ ਲੋਕ ਲਹਿਰ ਬਣ ਕੇ ਉੱਭਰੇਗੀ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਨਿੱਡਰ ਹੋ ਕੇ ਆਪਣੀ ਮੁਹਿੰਮ ਮੈਡੀਕਲ ਨਸ਼ਿਆਂ ਖਿਲਾਫ ਜਾਰੀ ਰੱਖੇ, ਉਹ ਉਸ ਦੀ ਮੁਹਿੰਮ ਨਾਲ ਪੂਰੀ ਤਰ੍ਹਾਂ ਨਾਲ ਜੁੜੇ ਹਨ। ਇਸ ਸਮੇਂ ਮਾਨਸਾ ਦਾ ਮਾਣ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਤਾਇਆ ਚਮਕੌਰ ਸਿੰਘ ਨੇ ਵੀ ਇਸ ਮੁਹਿੰਮ ਦਾ ਸਮਰਥਨ ਕੀਤਾ। ਉਨ੍ਹਾ ਕਿਹਾ ਕਿ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲ ਦੀ ਤਰ੍ਹਾਂ ਪਰਵਿੰਦਰ ਸਿੰਘ ਝੋਟਾ ਨਿੱਡਰ ਹੋ ਕੇ ਨਸ਼ੇ ਦੇ ਸੌਦਾਗਰਾਂ ਖਿਲਾਫ ਲੜਾਈ ਲੜ ਰਿਹਾ ਹੈ, ਉਸ ਦੀ ਇਸ ਲੜਾਈ ਦਾ ਉਨ੍ਹਾਂ ਦਾ ਪਰਿਵਾਰ ਪੂਰਨ ਸਮਰਥਨ ਕਰਦਾ ਹੈ। ਇਸ ਤੋਂ ਬਾਅਦ ਇਹ ਇਕੱਠ ਮਾਨਸਾ ਸ਼ਹਿਰ ਦੇ ਮੇਨ ਬਜ਼ਾਰ, ਗਊਸ਼ਾਲਾ ਰੋਡ ਹੁੰਦਾ ਹੋਇਆ ਮਾਨਸਾ ਦੇ ਬੱਸ ਸਟੈਂਡ ਪਹੁੰਚਿਆ, ਜਿੱਥੇ ਮਾਨਸਾ ਦੇ ਵਿਧਾਇਕ ਡਾ. ਵਿਜੈ ਸਿੰਗਲਾ, ਨਸ਼ਾ ਵੇਚਣ ਵਾਲੇ ਦੁਕਾਨਦਾਰ ਤੇ ਡਰੱਗ ਇੰਸਪੈਕਟਰ ਮਾਨਸਾ ਦਾ ਪੁਤਲਾ ਸਾਂਝੇ ਤੌਰ 'ਤੇ ਫੂਕਿਆ ਗਿਆ। ਇਸ ਮੁਹਿੰਮ ਵਿੱਚ ਸ਼ਾਮਲ ਹੋਣ ਵਾਲੇ ਮਾਨਸਾ ਵਾਸੀਆਂ ਦਾ ਪਰਵਿੰਦਰ ਸਿੰਘ ਝੋਟਾ ਵੱਲੋਂ ਉਸ ਦਾ ਸਾਥ ਦੇਣ ਲਈ ਧੰਨਵਾਦ ਕੀਤਾ ਗਿਆ। ਉਨ੍ਹਾ ਕਿਹਾ ਕਿ ਨਸ਼ੇ ਖਿਲਾਫ ਮੁਹਿੰਮ ਨੂੰ ਪੰਜਾਬ ਪੱਧਰ 'ਤੇ ਲੈ ਕੇ ਜਾਣਗੇ। ਉਨ੍ਹਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭੰਗਵਤ ਸਿੰਘ ਮਾਨ ਤੋਂ ਮੰਗ ਕੀਤੀ ਗਈ ਕਿ ਮਾਨਸਾ ਦੇ ਨਸ਼ਾ ਵੇਚਣ ਵਾਲੇ ਤਸਕਰਾਂ, ਦੁਕਾਨਦਾਰਾਂ ਤੇ ਡਰੱਗ ਇੰਸਪੈਕਟਰ ਦੇ ਪਰਿਵਾਰਕ ਮੈਂਬਰਾਂ ਦੀ ਜਾਇਦਾਦ ਦੀ ਜਾਂਚ ਵਿਜੀਲੈਂਸ ਪੰਜਾਬ ਦੇ ਉੱਚ ਅਧਿਕਾਰੀਆਂ ਤੋਂ ਕਰਵਾਈ ਜਾਵੇ।

ਜਦੋਂ ਇਸ ਸਬੰਧੀ ਹਲਕਾ ਵਿਧਾਇਕ ਡਾ. ਵਿਜੈ ਸਿੰਗਲਾ ਦਾ ਪੱਖ ਜਾਨਣਾ ਚਾਹਿਆ ਤਾਂ ਉਨ੍ਹਾ ਕਿਹਾ ਕਿ ਸਾਡੀ ਸਰਕਾਰ ਨਸ਼ੇ ਵਰਗੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਤਰਜੀਹੀ ਅਧਾਰ 'ਤੇ ਕੰਮ ਕਰ ਰਹੀ ਹੈ ਅਤੇ ਇਸ ਸਬੰਧੀ ਸਿਵਲ ਤੇ ਪੁਲਸ ਪ੍ਰਸ਼ਾਸਨ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਜਦੋਂ ਉਨ੍ਹਾਂ ਤੋਂ ਸਥਾਨਕ ਜਥੇਬੰਦੀਆਂ ਵੱਲੋਂ ਲਗਾਏ ਦੋਸ਼ ਕਿ ਵਿਧਾਇਕ ਸਾਹਿਬ ਵੱਲੋਂ ਇਸ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਤੇ ਨਾ ਹੀ ਸਾਡੇ ਨਾਲ ਕੋਈ ਸੰਪਰਕ ਕੀਤਾ, ਬਾਰ ਪੁੱਛਿਆ ਤਾਂ ਉਨ੍ਹਾ ਕਿਹਾ ਕਿ ਸਾਰਾ ਹਲਕਾ ਹੀ ਮੇਰਾ ਆਪਣਾ ਹੈ, ਆਗੂਆਂ ਨਾਲ ਸੰਪਰਕ ਕਰਨ ਵਿੱਚ ਮੈਨੂੰ ਕੋਈ ਝਿਜਕ ਨਹੀਂ ਹੈ ਤੇ ਜਲਦੀ ਹੀ ਆਪਸੀ ਤਾਲਮੇਲ ਕਰਕੇ ਇਸ ਮਸਲੇ ਦਾ ਹੱਲ ਕੱਢ ਲਿਆ ਜਾਵੇਗਾ।

# ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਸਰਕਾਰ ਦੀ ਵਾਅਦਾ-ਖਿਲਾਫੀ ਵਿਰੁੱਧ ਸੰਘਰਸ਼ ਦਾ ਐਲਾਨ

## 28 ਨੂੰ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਸ਼ਹਿਰ ਮਲੋਟ 'ਚ ਕਰਨਗੇ ਰੋਸ ਪ੍ਰਦਰਸ਼ਨ




ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਵੱਲੋਂ ਜ਼ਿਲ੍ਹਾ ਪ੍ਰਧਾਨ ਰਮਨਜੀਤ ਕੌਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ ਤੇ ਇਸ ਮੌਕੇ ਵਰਕਰਾਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਵਾਅਦਿਆਂ ਤੋਂ ਮੁੱਕਰ ਗਈ ਹੈ। ਉਨ੍ਹਾ ਦੱਸਿਆ ਕਿ ਆਪ ਦੇ ਹਰਪਾਲ ਚੀਮਾ ਨੇ ਚੋਣਾਂ ਤੋਂ ਪਹਿਲਾਂ ਮਿੱਡ-ਡੇ ਮੀਲ ਵਰਕਰਜ਼ ਯੂਨੀਅਨ ਨਾਲ ਮੀਟਿੰਗ ਕਰਕੇ ਆਪ ਸਰਕਾਰ ਆਉਣ 'ਤੇ ਮਿੱਡ ਡੇ ਮੀਲ ਵਰਕਰਾਂ ਦੀ ਤਨਖਾਹ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਤੋਂ ਬਾਅਦ ਤਨਖਾਹ ਦੁੱਗਣੀ ਤਾਂ ਕੀ ਕਰਨੀ ਸੀ, ਸਗੋਂ ਸਰਕਾਰ ਮੀਟਿੰਗ ਕਰਨ ਤੋਂ ਵੀ ਮੁੱਕਰ ਰਹੀ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੀਆਂ ਸਰਕਾਰਾਂ ਤੇ ਮਿੱਡ-ਡੇ ਮੀਲ ਵਰਕਰਾਂ ਉੱਤੇ ਘੱਟੋ-ਘੱਟ ਉਜ਼ਰਤਾਂ ਕਾਨੂੰਨ ਲਾਗੂ ਕਰਨ ਤੋਂ ਟਾਲਾ ਵੱਟੀ ਰੱਖਿਆ ਹੈ, ਉਸੇ ਤਰ੍ਹਾਂ ਮੌਜੂਦਾ ਭਗਵੰਤ ਮਾਨ ਸਰਕਾਰ ਵੀ ਉਨ੍ਹਾਂ ਉੱਤੇ ਘੱਟੋ-ਘੱਟ ਉਜ਼ਰਤਾਂ ਦਾ ਕਾਨੂੰਨ ਲਾਗੂ ਨਾ ਕਰਕੇ ਇਸ ਕਾਨੂੰਨ ਦੀ ਖੁਦ ਉਲੰਘਣਾ ਕਰ ਰਹੀ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਮਿੱਡ-ਡੇ ਮੀਲ ਵਰਕਰਾਂ ਦੀਆਂ ਘੱਟੋ ਘੱਟ ਉਜ਼ਰਤ ਕਾਨੂੰਨ ਲਾਗੂ ਕਰਨ, ਵਾਧੂ ਕੰਮਾਂ ਤੋਂ ਛੁਟਕਾਰਾ ਦੇਣ, ਹਰੇਕ ਵਰਕਰ ਦਾ ਘੱਟੋ ਘੱਟ ਪੰਜ ਲੱਖ ਦਾ ਬੀਮਾ ਕਰਨ, ਵਰਕਰਾਂ ਦੀਆਂ ਛੁੱਟੀਆਂ ਹਕੀਕੀ ਰੂਪ 'ਚ ਲਾਗੂ ਕਰਨ, ਗਰਮੀ ਤੇ ਸਰਦੀ ਦੇ ਮੌਸਮ ਲਈ ਦੋ ਦੋ ਵਰਦੀਆਂ ਦੇਣ ਆਦਿ ਦੀਆਂ ਮੰਗਾਂ ਵੱਲ ਧਿਆਨ ਨਹੀਂ ਦੇ ਰਹੀ, ਇਸ ਖਿਲਾਫ ਵਰਕਰਾਂ ਵਿੱਚ ਭਾਰੀ ਰੋਸ ਹੈ। ਉਨ੍ਹਾ ਮੰਗ ਕੀਤੀ ਕਿ ਜਿਨ੍ਹਾਂ ਕੁੱਕ ਵਰਕਰਾਂ ਨੂੰ ਬੱਚਿਆਂ ਦੀ ਗਿਣਤੀ ਘਟਣ ਦਾ ਬਹਾਨਾ ਬਣਾ ਸਕੂਲਾਂ ਵਿੱਚੋਂ ਕੱਢਿਆ ਜਾ ਰਿਹਾ ਹੈ, ਉਨ੍ਹਾਂ ਨੂੰ ਕੱਢਣ ਦੀ ਥਾਂ ਸਕੂਲਾਂ 'ਚ ਦਰਜਾ ਚਾਰ ਦੀਆਂ ਖਾਲੀ ਪੋਸਟਾਂ ਦੀ ਥਾਂ ਅਡਜਸਟ ਕਰਕੇ ਕੰਮ ਲਿਆ ਜਾਵੇ। ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਆਪ ਸਰਕਾਰ ਵੱਲੋਂ ਵਰਕਰਾਂ ਦੀਆਂ ਉਕਤ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ 28 ਮਈ ਮਲੋਟ ਵਿਖੇ ਡਾ. ਬਲਜੀਤ ਕੌਰ ਦਾ ਉਨ੍ਹਾਂ ਦੇ ਘਰ ਵਿਖੇ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪਵਨ ਕੁਮਾਰ ਨੇ ਵੀ ਮਿੱਡ-ਡੇ ਮੀਲ ਵਰਕਰਾਂ ਦੀ ਮੰਗਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਪੰਜਾਬ ਸਰਕਾਰ ਪਾਸੋਂ ਇਨ੍ਹਾਂ ਵਰਕਰਾਂ ਦੀ ਸੁਣਵਾਈ ਕਰਨ ਦੀ ਮੰਗ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਭੋਲਾ ਸਿੰਘ, ਲਵਪ੍ਰੀਤ ਕੌਰ, ਸੁਖਪ੍ਰੀਤ ਕੌਰ, ਸਰਬਜੀਤ ਕੌਰ, ਸੰਦੀਪ ਕੌਰ, ਸੁਖਵੀਰ ਕੌਰ, ਬਲਵਿੰਦਰ ਕੌਰ, ਮੋਨਿਕਾ, ਰਜਨੀ, ਜਸਪ੍ਰੀਤ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

## ਕਾਤਰਾਂ

### ਡੇਂਗੂ ਸਬੰਧੀ ਲੋਕਾਂ ਨੂੰ ਕੀਤਾ ਜਾਗਰੂਕ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੇਂਗੂ ਦੀ ਰੋਕਥਾਮ ਤੇ ਇਸ ਸਬੰਧੀ ਜਾਗਰੂਕ ਕਰਨ ਦੇ ਮੰਤਵ ਨੂੰ ਮੁੱਖ ਰੱਖਦਿਆਂ ਐਚ ਡਬਲਿਊ ਸੀ ਸੁਰ ਸਿੰਘ ਵਾਲਾ ਦੀ ਟੀਮ ਵੱਲੋਂ ਲੋਕਾਂ ਨੂੰ ਡੇਂਗੂ ਦੇ ਡੰਗ ਤੋਂ ਬਚਣ ਦਾ ਸੁਨੇਹਾ ਦਿੱਤਾ ਗਿਆ।ਡਾ. ਰਜਿੰਦਰ ਪਾਲ ਸਿਵਲ ਸਰਜਨ ਫ਼ਿਰੋਜ਼ਪੁਰ ਦੇ ਦਿਸ਼ਾ-ਨਿਰਦੇਸ਼ਾਂ ਤੇ ਡਾ. ਰਿਤੇਸ਼ ਸਹੋਤਾ ਸੀਨੀਅਰ ਮੈਡੀਕਲ ਅਫ਼ਸਰ ਫ਼ਿਰੋਜ਼ਸ਼ਾਹ ਦੀ ਅਗਵਾਈ ਹੇਠ ਡੇਂਗੂ ਨੂੰ ਫੈਲਣ ਤੋਂ ਰੋਕਣ ਤੇ ਇਸ ਤੋਂ ਬਚਾਅ ਦੇ ਲਈ ਐਚ ਡਬਲਿਊ ਸੀ ਸੁਰ ਸਿੰਘ ਵਾਲਾ ਦੀ ਟੀਮ ਵੱਲੋਂ ਏਰੀਏ ਵਿੱਚ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਆਮ ਜਨਤਾ ਨੂੰ ਜਾਗਰੂਕ ਕਰਦਿਆਂ ਓਮ ਪ੍ਰਕਾਸ਼ ਮਲਟੀਪਰਪਜ਼ ਹੈਲਥ ਵਰਕਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਉਹ ਆਪਣੇ ਘਰਾਂ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਦੇ ਹਨ, ਉਸੇ ਤਰ੍ਹਾਂ ਆਸ-ਪਾਸ ਦੀ ਸਫ਼ਾਈ ਨੂੰ ਤਰਜ਼ੀਹ ਦੇਣ ਤਾਂ ਜੋ ਗੰਦਗੀ ਤੇ ਖੜੇ ਪਾਣੀ ਤੋਂ ਮੱਛਰ ਪੈਦਾ ਨਾ ਹੋ ਸਕੇ।ਇਸ ਮੌਕੇ ਰਾਜਵਿੰਦਰ ਕੌਰ ਮਲਟੀਪਰਪਜ਼ ਹੈਲਥ ਵਰਕਰ, ਸੀ ਐਚਓ ਵੀਰਪਾਲ ਕੌਰ, ਭਰਪੂਰ ਕੌਰ ਆਂਗਨਵਾੜੀ ਵਰਕਰ, ਆਸ਼ਾ ਜਸਵਿੰਦਰ ਕੌਰ, ਕੁਲਵਿੰਦਰ ਕੌਰ, ਪ੍ਰਭਦੀਪ ਕੌਰ ਆਦਿ ਹਾਜ਼ਰ ਸਨ।

### ਪੰਛੀਆਂ ਲਈ ਸਮਾਜ ਸੇਵੀਆਂ ਵੱਲੋਂ ਰੱਖੇ ਜਾ ਰਹੇ ਪੀਣ ਵਾਲੇ ਪਾਣੀ ਦੇ ਕਸੋਰੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗਰਮੀ ਦਾ ਕਹਿਰ ਵਧਦਾ ਜਾ ਰਿਹਾ ਹੈ। ਸਮਾਜ ਸੇਵੀਆਂ ਵੱਲੋਂ ਪੰਛੀਆਂ ਲਈ ਪੀਣ ਵਾਲੇ ਪਾਣੀ ਦੇ ਕਸੋਰੇ ਰੱਖ ਕੇ ਕੁਦਰਤ ਪ੍ਰਤੀ ਜ਼ਿੰਮੇਵਾਰੀ ਨਿਭਾਉਣਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਾਤਾਵਰਣ ਪ੍ਰੇਮੀ ਹਰਮਨਪ੍ਰੀਤ ਸਿੰਘ ਵੱਲੋਂ ਪਾਣੀ ਦੇ ਕਸੋਰੇ ਸੌਂਪਣ ਮੌਕੇ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ-ਕੱਲ੍ਹ ਇਨਸਾਨ ਆਪਣੀ ਨਿੱਜੀ ਜ਼ਿੰਦਗੀ 'ਚ ਮਸਰੂਫ ਹੈ, ਉੱਥੇ ਹੀ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਵਾਤਾਵਰਨ ਪ੍ਰੇਮੀਆਂ ਵੱਲੋਂ ਵੱਖ-ਵੱਖ ਸਮਾਜਿਕ ਗਤੀਵਿਧੀਆਂ 'ਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ। ਉਨ੍ਹਾਂ ਕਿਹਾ ਕਿ ਅਜਿਹੇ ਕਾਰਜ ਪੰਛੀਆਂ ਦੀ ਜਾਨ ਬਚਾਉਣ ਲਈ ਕਾਰਗਰ ਸਿੱਧ ਹੋ ਰਿਹਾ ਹੈ। ਉਨ੍ਹਾਂ ਅਪੀਲ ਕੀਤੀ ਕਿ ਪੰਛੀਆਂ ਦੀ ਹੋਂਦ ਨੂੰ ਬਚਾਉਣ ਲਈ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਹੈ।

### ਸਰਵੋਤਮ ਸਿੰਘ ਨੇ ਦਸਵੀਂ 'ਚ ਦੂਜੀ ਪੁਜ਼ੀਸ਼ਨ ਹਾਸਲ ਕੀਤੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਰਵੋਤਮ ਸਿੰਘ, ਜਿਸ ਨੇ ਬੁੱਢਾ ਦਲ ਪਬਲਿਕ ਸਕੂਲ ਵਿੱਚੋਂ ਸੀ ਬੀ ਐਸ ਸੀ ਸਿਲੇਬਸ ਵਿੱਚ ਦਸਵੀਂ ਪਾਸ ਕੀਤੀ ਹੈ ਤੇ ਆਪਣੀ ਕਲਾਸ ਵਿੱਚੋਂ 96.8 ਪ੍ਰਤੀਸ਼ਤ ਨੰਬਰ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਸਰਵੋਤਮ ਸਿੰਘ ਨੇ ਦੱਸਿਆ ਕਿ ਉਹ ਹੋਰ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰੇਗਾ ਤਾਂ ਜੁ ਅਗਲੀਆਂ ਕਲਾਸਾਂ ਵਿੱਚ ਸਕੂਲ ਤੇ ਕਾਲਜਾਂ ਵਿੱਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰ ਸਕੇ। ਉਸ ਨੇ ਦੱਸਿਆ ਕਿ ਉਹ ਵਕਾਲਤ ਦੀ ਪੜ੍ਹਾਈ ਕਰਕੇ ਸਰਕਾਰੀ ਨੌਕਰੀ ਲਈ ਤਿਆਰੀ ਕਰੇਗਾ।

### ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਕੀਤਾ ਬਿਰਧ ਆਸ਼ਰਮ ਦਾ ਦੌਰਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਸ੍ਰੀਮਤੀ ਜੋਬਨਦੀਪ ਕੌਰ ਨੇ ਓਲਡ ਏਜ ਹੋਮ, ਸਿਟੀਜ਼ਨ ਵੈਲਫੇਅਰ ਚੈਰੀਟੇਬਲ ਟਰੱਸਟ (ਰਜਿ:) ਬਸੀ ਪਠਾਣਾ ਦਾ ਦੌਰਾ ਕੀਤਾ। ਉਨ੍ਹਾਂ ਬਿਰਧ ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਨਾਲ ਗੱਲਬਾਤ ਕੀਤੀ ਅਤੇ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿੱਚ ਮਿਲ ਰਹੀਆਂ ਸਹੂਲਤਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਬਿਰਧ ਆਸ਼ਰਮ ਦੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਇਸ ਸਮੇਂ ਇਸ ਹੋਮ ਵਿੱਚ 9 ਔਰਤਾਂ ਤੇ 6 ਮਰਦ ਕੁੱਲ 15 ਬਿਰਧ ਬਜ਼ੁਰਗ ਰਹਿੰਦੇ ਹਨ, ਜੋ ਵੱਖ-ਵੱਖ ਥਾਂਵਾਂ ਤੋਂ ਆਏ ਹੋਏ ਹਨ। ਇਸ ਹੋਮ ਵਿੱਚ ਬਜ਼ੁਰਗਾਂ ਲਈ ਕੀਤੇ ਗਏ ਪ੍ਰਬੰਧ ਜਿਵੇਂ ਉਨ੍ਹਾਂ ਦੇ ਖਾਣ ਪੀਣ, ਰਹਿਣ ਸਹਿਣ, ਮੈਡੀਕਲ ਸਹੂਲਤਾਂ, ਸਾਫ਼ ਸਫ਼ਾਈ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਬਿਰਧ ਆਸ਼ਰਮ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਕਿ ਬਜ਼ੁਰਗਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਾ ਆਵੇ।

# ਮਾਲਵਾ ਪਰਿਵਰਤਨ ਸੰਸਥਾ ਧੂਰੀ ਨੇ ਲਗਾਇਆ ਵਿਸ਼ਾਲ ਖੂਨਦਾਨ ਕੈਂਪ



**ਧੂਰੀ (ਬਿੰਨੀ ਗਰਗ, ਸੁਖਦੇਵ ਧੂਰੀ)**-ਧੂਰੀ ਹਲਕੇ ਦੀ ਉੱਘੀ ਸਮਾਜ ਸੇਵੀ ਸੰਸਥਾ ਮਾਲਵਾ ਫਰੈਂਡਜ਼ ਵੈੱਲਫੇਅਰ ਸੁਸਾਇਟੀ ਧੂਰੀ ਵੱਲੋਂ ਵਿਸ਼ਾਲ ਖੂਨਦਾਨ ਕੈਂਪ ਸੰਸਥਾ ਦੇ ਆਗੂ ਗੁਰਦਰਸ਼ਨ ਸਿੰਘ ਡਿੰਪੀ ਦੀ ਅਗਵਾਈ ਹੇਠ ਸਨਾਤਨ ਧਰਮ ਸਭਾ ਵਿਖੇ ਲਗਾਇਆ ਗਿਆ। ਇਸ ਮੌਕੇ ਸਰਕਾਰੀ ਬਲੱਡ ਬੈਂਕ ਸੰਗਰੂਰ ਤੇ ਮਿੱਤਲ ਬਲੱਡ ਬੈਂਕ ਵੱਲੋਂ 200 ਯੂਨਿਟ ਬਲੱਡ ਇਕੱਤਰ ਕਿਤਾ ਗਿਆ। ਇਸ ਖੂਨਦਾਨ ਕੈਂਪ ਵਿੱਚ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਮੋਗਾ, ਅਮਿੱਤ ਗੁਪਤਾ ਐੱਸ ਡੀ ਐੱਮ ਧੂਰੀ, ਜਸਵੀਰ ਸਿੰਘ ਜੱਸੀ ਸੇਖੋਂ ਤੇ ਹੋਰ ਵੀ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕੁਲਵੰਤ ਸਿੰਘ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ, ਜਿਸ ਨਾਲ ਸੈਂਕੜੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਅਮਿਤ ਗੁਪਤਾ ਐੱਸ ਡੀ ਐੱਮ ਧੂਰੀ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੁਹਿੰਮ ਵਿੱਚ ਉਨ੍ਹਾਂ ਨੂੰ ਵਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਸੰਸਥਾ ਦੇ ਬੁਲਾਰੇ ਜਗਰੂਪ ਸਿੰਘ ਬੱਬੂ ਨੇ ਕਿਹਾ ਕਿ ਸੰਸਥਾ ਦਾ ਉਦੇਸ਼ ਹੈ ਕਿ ਖੂਨਦਾਨ ਦੀ ਘਾਟ ਕਰਕੇ ਕਿਸੇ ਦੀ ਜਾਨ ਨਾ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਨੌਜਵਾਨਾਂ ਤੱਕ ਪਹੁੰਚ ਕਰਕੇ ਇਸ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ।

ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੂਰੀ ਪਿੰਡ ਦੇ ਐੱਨ ਐੱਸ ਐੱਸ ਦੇ ਵਲੰਟੀਅਰ ਸੁਖਬੀਰ ਸਿੰਘ ਸੁੱਖੀ ਦੀ ਅਗਵਾਈ ਹੇਠ ਤੇ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਕਰਨਦੀਪ ਸਿੰਘ ਚੈਰੀ ਦੀ ਯੋਗ ਅਗਵਾਈ ਹੇਠ ਕੈਂਪ ਵਿੱਚ ਸੇਵਾ ਦਾ ਕਾਰਜ ਸੰਭਾਲਿਆ। ਰੇਖਾ ਰਾਣੀ ਨੇ ਆਪਣੇ ਵੀ ਵਲੰਟੀਅਰ ਦੇ ਨਾਲ ਕੈਂਪ ਨੂੰ ਸਫਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਇਸ ਮੌਕੇ ਸੁੰਦਰ ਲਾਲ, ਜਸਵਿੰਦਰ ਸਿੰਘ, ਗੁਰਤੇਜ ਸਿੰਘ ਸਮੇਤ ਹੋਰ ਹਾਜ਼ਰ ਸਨ।

# ਡੀ ਐੱਮ ਡੀ ਪੀੜਤ ਲਈ 1 ਲੱਖ ਦੀਆਂ ਦਵਾਈਆਂ ਦਾ ਕੀਤਾ ਮੁਫ਼ਤ ਪ੍ਰਬੰਧ : ਨਰੇਸ਼ ਮਿੱਤਲ




ਪੀੜਤਾ ਨੂੰ ਦਵਾਈਆਂ ਦਿੰਦੇ ਅਧਿਕਾਰੀ।

ਮਾਲੇਰਕੋਟਲਾ (ਅਸਗਰ ਪਰਿਹਾਰ)

ਮਾਸੂਮ ਬੱਚਿਆਂ ਨੂੰ ਮੌਤ ਦੀ ਲਪੇਟ 'ਚ ਲੈਣ ਵਾਲੀ ਖਤਰਨਾਕ ਲਾ-ਇਲਾਜ ਬੀਮਾਰੀ 'ਡਿਉਚੇਨ ਮਸਕੂਲਰ ਡਿਸਟ੍ਰਾਫੀ (ਪੇਸ਼ੀਆ ਦੁਰਵਿਕਾਸ) ਦੇ ਇਲਾਜ ਦੀ ਸਹਾਇਤਾ ਲਈ ਸਮਾਜ ਸੇਵੀ ਡਾ. ਵਰਿੰਦਰ ਜੈਨ ਨੇ ਉਚੇਚੇ ਤੌਰ 'ਤੇ ਪੀੜਤਾ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿੱਚ ਰਜਿਸਟ੍ਰੇਸ਼ਨ ਕਰਾ ਕੇ ਸਰਕਾਰੀ ਆਯੁਰਵੈਦਿਕ ਹਸਪਤਾਲ ਪਟਿਆਲਾ 'ਚ ਇਲਾਜ ਲਈ ਪ੍ਰੇਰਿਤ ਕੀਤਾ ਤਾਂ ਸੇਵਾ ਟਰੱਸਟ ਯੂ ਕੇ (ਭਾਰਤ) ਨੇ ਸਹਾਇਤਾ ਮੁਹਿੰਮ ਵਿੱਚ ਪ੍ਰਮੁੱਖਤਾ ਨਾਲ ਜੁੜ ਕੇ ਉਮੀਦ ਦੀ ਨਵੀਂ ਕਿਰਨ ਰੋਸ਼ਨ ਕਰਵਾਈ ਸੀ, ਜਿਸ ਦੇ ਦੂਸਰੇ ਦੌਰ ਵਿੱਚ ਸੇਵਾ ਟਰੱਸਟ ਯੂ ਕੇ (ਭਾਰਤ) ਦੇ ਚੇਅਰਮੈਨ ਨਰੇਸ਼ ਮਿੱਤਲ ਨੇ ਕੋ-ਸਪੌਂਸਰ ਡਾਬਰ ਇੰਡੀਆ ਲਿਮ. ਦੇ ਸੀਨੀਅਰ ਪ੍ਰੋਜੈਕਟ ਮੈਨੇਜਰ-ਸੀ.ਐੱਸ.ਆਰ. ਸੰਜੈ ਸ਼ਾਹ ਦੇ ਸਹਿਯੋਗ ਨਾਲ 'ਭਾਰਤ ਤੰਦਰੁਸਤ-ਜਨਤਾ ਤੰਦਰੁਸਤ' ਅਭਿਆਨ ਤਹਿਤ ਡਾ. ਵਰਿੰਦਰ ਜੈਨ ਦੀ ਅਗਵਾਈ ਹੇਠ 2 ਰਾਜਾਂ ਦੇ ਕਈ ਡੀ.ਐੱਮ.ਡੀ. ਪੀੜਤ ਬੱਚਿਆਂ ਨੂੰ 6 ਮਹੀਨੇ ਦੀ 1 ਲੱਖ ਦੇ ਕਰੀਬ ਦੀ ਆਯੁਰਵੈਦਿਕ ਦਵਾਈ ਮੁਫ਼ਤ ਮੁਹੱਈਆ ਕਰਵਾਈ ਤੇ 12 ਮਹੀਨੇ ਦੀਆਂ ਜ਼ਰੂਰਤਾਂ, ਹਿਮੂਨਿਟੀ ਬੂਸਟ ਵਾਲੇ ਡਾਬਰ ਦੇ ਕਈ ਪ੍ਰੋਡਕਟ ਦਿੱਤੇ ਹਨ। ਇਸ ਮੌਕੇ ਮਿੱਤਲ ਨੇ ਦੱਸਿਆ ਕਿ ਡੀ.ਐੱਮ.ਡੀ. ਨਾਲ ਜਨਮ ਤੋਂ ਹੀ ਜੀਨ ਵਿਕਾਰ ਮਾਸਪੇਸ਼ੀਆਂ ਨੂੰ ਕਮਜ਼ੋਰ ਕਰਕੇ ਸਰੀਰਕ ਵਿਕਰਤੀਆਂ ਪੈਦਾ ਕਰਦੇ ਹਨ ਤੇ ਇਲਾਜ ਨਾ ਹੋਣ ਕਾਰਨ ਪੀੜਤ ਛੋਟੀ ਉਮਰ 'ਚ ਹੀ ਮੌਤ ਦੇ ਸਾਏ ਹੇਠ ਆ ਜਾਂਦਾ ਹੈ ਜਾਂ ਮੈਡੀਕਲ ਮਸ਼ੀਨਾਂ ਦੇ ਸਹਾਰੇ ਜ਼ਿੰਦਗੀ ਕੱਟਦੇ ਹਨ। ਉਨ੍ਹਾਂ ਕਿਹਾ ਕਿ ਆਕੜੋਨੁਸਾਰ 3500 ਦੇ ਪਿੱਛੇ ਇੱਕ ਬੱਚਾ ਅਜਿਹੀ ਬੀਮਾਰੀ ਨਾਲ ਪੀੜਤ ਹੈ ਤੇ ਅਸੀਂ ਸਾਰੇ ਮਿਲ ਕੇ ਸਹਾਇਤਾ ਕਰਦਿਆਂ ਜਿੱਥੇ ਸੈਂਕੜੇ ਜ਼ਿੰਦਗੀਆਂ ਬਚਾ ਸਕਦੇ ਹਾਂ, ਉੱਥੇ ਹੀ ਡਾਕਟਰ ਵੀ ਆਯੁਰਵੈਦ ਇਲਾਜ ਨਾਲ "ਹਿਮੂਨਿਟੀ ਨੂੰ ਸਰੀਰ ਦੀ ਤਾਕਤ" ਬਣਾ ਕੇ ਬੀਮਾਰੀ ਨੂੰ ਵਧਣ ਤੋਂ ਰੋਕਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ। ਕੀ ਚਹੁੰਦੇ ਹਨ ਪੀੜਤ : ਮਸਕੂਲਰ ਡਿਸਟ੍ਰਾਫੀ ਐਸੋਸੀਏਸ਼ਨ ਪੰਜਾਬ ਦੇ ਵਿਵੇਕ ਕੁਮਾਰ, ਅਜੈ ਗਰਗ ਅਨੁਸਾਰ ਐਲੋਪੈਥੀ ਹਸਪਤਾਲਾਂ ਵਿੱਚ ਡੀ.ਐੱਮ.ਡੀ. ਇਲਾਜ ਦੀ ਮੁਕੰਮਲ ਸੁਵਿਧਾ ਨਹੀਂ ਹੈ ਤੇ ਆਯੁਰਵੈਦਿਕ ਇਲਾਜ ਮਹਿੰਗਾ ਹੈ ਤੇ ਹਸਪਤਾਲਾ 'ਚ ਹਰ ਦਵਾਈ ਵੀ ਉਪਲਬੱਧ ਨਹੀਂ ਹੈ। ਐਨਾ ਹੀ ਨਹੀਂ ਰਾਜ ਦੇ ਮੁੱਖ ਮੰਤਰੀ, ਸਿਹਤ ਮੰਤਰੀ ਨੂੰ ਇਸ ਬਿਮਾਰੀ ਨਾਲ ਪੀੜਤ ਮਰੀਜ਼ਾਂ ਲਈ ਸੈਂਕੜਿਆਂ ਵਾਰ ਗੁਹਾਰ ਲਾਉਣ ਤੋਂ ਬਾਅਦ ਵੀ ਬੱਚਿਆਂ ਦੀ ਸੰਭਵ ਸਹਾਇਤਾ ਲਈ ਕੋਈ ਠੋਸ ਕਦਮ ਚੁੱਕਣ ਨੂੰ ਤਿਆਰ ਨਹੀਂ ਹਨ, ਜਿਸ ਨਾਲ ਲੋਕਾਂ 'ਚ ਰੋਸ ਦੀ ਲਹਿਰ ਪਾਈ ਜਾ ਹੈ ਅਤੇ ਪਰਿਵਾਰ ਦਵਾਈ ਦੀ ਬਜਾਏ ਇੱਛਾ ਮੌਤ ਮੰਗਣ ਲਈ ਮਜਬੂਰ ਹੋ ਰਹੇ ਹਨ। ਇਸ ਲਈ ਸਰਕਾਰ ਵਿੱਤ ਸਹਾਇਤਾ, ਮਾਸਿਕ ਪੈਨਸ਼ਨ, ਸਿੱਖਿਆ ਮਦਦ, ਰੋਜ਼ਗਾਰ, ਆਯੁਸ਼ਮਾਨ ਯੋਜਨਾ, ਵਿਕਲਾਂਗ ਸਰਟੀਫਿਕੇਟ-ਯੂ.ਡੀ.ਆਈ.ਡੀ. ਕਾਰਡ, ਆਧੁਨਿਕ ਵਿਦੇਸ਼ੀ ਇਲਾਜ ਦਵਾਈਆਂ ਮੁਹੱਈਆ ਕਰੇ।

## ਜਲਨ, ਵਿਰੋਧ ਤੇ ਚਿੜਚਿੜਾਪਣ ਕ੍ਰੋਧ ਦੇ ਵੰਸਜ਼ ਹਨ : ਬੀ ਕੇ ਡਾ. ਦੋਨੀਕਾ



**ਜੈਤੋ (ਸਤੀਸ਼ ਕੁਮਾਰ ਭੀਰੀ)**-ਮਾਊਂਟ ਆਬੂ ਈਸ਼ਵਰੀਆ ਵਿਸ਼ਵ ਵਿਦਿਆਲਿਆ ਦੇ ਵਿਹੜੇ ਵਿੱਚ ਸੰਬੋਧਨ ਕਰਦਿਆਂ ਬੀ ਕੇ ਡਾਕਟਰ ਦੋਨੀਕਾ ਦੀਦੀ ਨੇ ਕਿਹਾ ਉਸ ਪਰਮ ਪਿਤਾ ਪ੍ਰਮਾਤਮਾ ਨੇ ਧਰਤੀ 'ਤੇ ਸਿਰਫ ਇਨਸਾਨ ਬਣਾ ਕੇ ਭੇਜੇ ਸਨ, ਪ੍ਰੰਤੂ ਇਨਸਾਨ ਨੇ ਆਪਣੀ ਲਾਲਸਾ ਦੁਨੀਆ ਤੋਂ ਅਲੱਗ ਦਿਖਣ ਦੀ ਮਨਸ਼ਾ ਨਾਲ ਬੋਲੀ ਪਹਿਰਾਵਾ ਤੇ ਰੰਗ ਰੂਪ ਨੂੰ ਆਧਾਰ ਬਣਾ ਕੇ ਇਨਸਾਨੀਅਤ ਨੂੰ ਛਿੱਕੇ ਟੰਗ ਦਿੱਤਾ। ਬੀ ਕੇ ਡਾਕਟਰ ਦੋਨੀਕਾ ਨੇ ਕਿਹਾ ਕਿ ਵਿਅਕਤੀ ਵਿੱਚ ਕਿਸੇ ਵੀ ਪ੍ਰਤੀ ਜਲਨ ਵਿਰੋਧ ਜਾਂ ਚਿੜਚਿੜਾਪਣ ਕ੍ਰੋਧ ਦੇ ਵੰਸ਼ ਹੋਣ ਦੀ ਨਿਸ਼ਾਨੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਵਿਅਕਤੀ ਨੂੰ ਕ੍ਰੋਧ ਤੋਂ ਮੁਕਤ ਹੋਣ ਲਈ ਖੁਦ ਨੂੰ ਵਾਰ ਵਾਰ ਇਹ ਸਕਾਰਾਤਮਕ ਊਰਜਾ ਨਾਲ ਚਾਰਜ ਕਰਨਾ ਚਾਹੀਦਾ ਹੈ ਕਿ ਮੈਂ ਪਰਮ ਪਿਤਾ ਪ੍ਰਮਾਤਮਾ ਦੀ ਅੰਸ਼ ਸ਼ਾਂਤ ਸਰੂਪ ਆਤਮਾ ਹਾਂ। ਇਹ ਅਭਿਆਸ ਹੀ ਸਾਡੇ ਅੰਦਰ ਸ਼ਾਂਤੀ ਦੀ ਸ਼ਕਤੀ ਨੂੰ ਵਧਾਉਂਦਾ ਹੈ ਤੇ ਗੁੱਸੇ ਦੀ ਅੱਗ ਨੂੰ ਸ਼ਾਂਤ ਭਾਵ ਮੱਠਾ ਕਰਦਾ ਹੈ।

# ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ : ਬੁੱਧ ਰਾਮ

**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਅਤੇ ਸਿਹਤ ਦੇ ਖੇਤਰ ਨੂੰ ਪ੍ਰਫੁੱਲਤ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬੁਢਲਾਡਾ ਬੁੱਧ ਰਾਮ ਨੇ ਪਿੰਡ ਬਰ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਦੌਰੇ ਦੌਰਾਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਨਾਲ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਚਰਨਜੀਤ ਸਿੰਘ ਅੱਕਾਂਵਾਲੀ ਵੀ ਮੌਜੂਦ ਸਨ। ਉਨ੍ਹਾ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਮਾਡਲ ਅਤੇ ਕਾਨਵੈਂਟ ਸਕੂਲਾਂ ਤੋਂ ਵਧੇਰੇ ਆਧੁਨਿਕ ਸਹੂਲਤਾਂ/ ਤਕਨੀਕਾਂ ਨਾਲ ਲੈਸ ਕਰਕੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀਆਂ ਨੂੰ ਮਿਆਰੀ ਵਿੱਦਿਆ ਦੇਣ ਲਈ ਪੰਜਾਬ ਸਰਕਾਰ ਵਚਨਬੱਧ ਹੈ। ਸਿੱਖਿਆ ਦੇ ਖੇਤਰ ਵਿਚ ਸਰਕਾਰ ਦੇ ਉਪਰਾਲਿਆਂ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹੁਣ ਦੇਸ਼ ਦੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹੋਣ ਦੇ ਸਮਰੱਥ ਬਣਨਗੇ। ਆਮ ਲੋਕਾਂ ਦੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਤੇ ਵਿੱਦਿਆ ਹਾਸਲ ਕਰਵਾਉਣ ਬਾਰੇ ਸੋਚ ਹੁਣ ਬਦਲਣੀ ਸ਼ੁਰੂ ਹੋ ਗਈ ਹੈ। ਵਿਧਾਇਕ ਬੁੱਧ ਰਾਮ ਨੇ ਪਿੰਡ ਦੇ ਦਾਨੀ ਸੱਜਣ ਜਿਨ੍ਹਾਂ ਦਾ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਹੈ, ਉਨ੍ਹਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ। ਉਨ੍ਹਾ ਕਿਹਾ ਕਿ ਵਧੀਆ ਸਿੱਖਿਆ ਲਈ ਵਿਦਿਆਰਥੀਆਂ ਨੂੰ ਸਕੂਲਾਂ ਵਿਚ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀਂ। ਸਕੂਲਾਂ ਦੀਆਂ ਜੋ ਵੀ ਮੰਗਾਂ ਹਨ ਉਨ੍ਹਾਂ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪਿੰਡ ਦੇ ਦਾਨੀ ਸੱਜਣਾਂ ਨੇ ਸਕੂਲ ਨੂੰ ਪੱਖੇ ਦਾਨ ਕੀਤੇ। ਵਿਧਾਇਕ ਬੁੱਧ ਰਾਮ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਚਰਨਜੀਤ ਸਿੰਘ ਅੱਕਾਂਵਾਲੀ ਨੇ ਦਾਨੀ ਸੱਜਣਾਂ ਦੇ ਅਜਿਹੇ ਨੇਕ ਉਪਰਾਲਿਆਂ ਦੀ ਸ਼ਲਾਘਾ ਵੀ ਕੀਤੀ।

# ਟ੍ਰੈਫਿਕ ਪੁਲਸ ਨੇ ਕੈਂਟਰਾਂ ਨੂੰ ਰਿਫਲੈਕਟਰ ਲਗਾਏ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-7ਵੀਂ ਯੂ ਐੱਨ ਗਲੋਬਲ ਰੋਡ ਸੇਫਟੀ ਵੀਕ ਦੇ ਚਲਦਿਆਂ ਸਮਾਣਾ ਟ੍ਰੈਫਿਕ ਪੁਲਸ ਵੱਲੋਂ ਮਿੰਨੀ ਟਰੱਕ ਯੂਨੀਅਨ ਵਿਖੇ ਖੜੇ ਕੈਂਟਰਾਂ ਨੂੰ ਰਿਫਲੈਕਟਰ ਲਗਾਏ ਗਏ। ਸਮਾਣਾ ਟ੍ਰੈਫਿਕ ਪੁਲਸ ਦੇ ਇੰਚਾਰਜ ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਪੁਲਸ ਵੱਲੋਂ ਪੰਜਾਬ ਵਿੱਚ 7ਵਾਂ ਯੂ ਐੱਨ ਗਲੋਬਲ ਰੋਡ ਸੇਫਟੀ ਸਪਤਾਹ (ਹਫਤਾ) ਮਨਾਇਆ ਜਾ ਰਿਹਾ ਹੈ, ਜਿਸ ਦੇ ਚਲਦਿਆਂ ਅੱਜ ਮਿੰਨੀ ਟਰੱਕ ਯੂਨੀਅਨ ਸਮਾਣਾ ਵਿਖੇ ਕੈਂਟਰਾਂ ਨੂੰ ਰਿਫਲੈਕਟਰ ਲਗਾਏ ਗਏ ਹਨ ਤਾਂ ਜੋ ਰੋਡ 'ਤੇ ਜਾਂਦੇ ਸਮੇਂ ਪਿੱਛੋਂ ਆਉਂਦੇ ਵਹੀਕਲ ਨੂੰ ਪਤਾ ਲੱਗ ਸਕੇ ਕਿ ਉਸ ਦੇ ਅੱਗੇ ਕਿਹੜਾ ਵਹੀਕਲ ਜਾ ਰਿਹਾ ਹੈ, ਜਿਸ ਨਾਲ ਸੜਕ ਹਾਦਸੇ ਤੋਂ ਬਚਿਆ ਜਾ ਸਕੇ। ਉਨ੍ਹਾਂ ਕਿਹਾ ਕਿ ਉੱਚ ਪੁਲਸ ਅਫਸਰਾਂ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਅੱਜ 20 ਮਈ ਦਾ ਦਿਨ ਐਂਟੀ-ਇਨਕ੍ਰੋਚਮੈਂਟ ਆਫ ਡਰਾਇਵ ਐਂਡ ਫੁੱਟਪਾਥ 7ਵਾਂ ਯੂ ਐੱਨ ਗਲੋਬਲ ਰੋਡ ਸੇਫਟੀ ਸਪਤਾਹ ਵਜੋਂ ਮਨਾਇਆ ਜਾ ਰਿਹਾ ਹੈ, ਜਿਸ ਦੇ ਚਲਦਿਆਂ ਮਿੰਨੀ ਟਰੱਕ ਯੂਨੀਅਨ ਬਾਬਾ ਬੰਦਾ ਸਿੰਘ ਚੌਕ ਸਮਾਣਾ ਵਿਖੇ ਖੜੇ ਖੜੇ ਕੈਂਟਰਾਂ ਤੇ ਹੋਰਨਾਂ ਵਾਹਨਾਂ ਦੇ ਰਿਫਲੈਕਟਰ ਲਗਾਏ ਗਏ ਹਨ। ਇਸ ਮੌਕੇ ਏ ਐੱਸ ਆਈ ਸੁਸਵਿੰਦਰ ਸਿੰਘ, ਐੱਚ ਸੀ ਜਸਪਾਲ ਸਿੰਘ, ਐੱਚ ਸੀ ਹਰਜੀਤ ਸਿੰਘ ਆਦਿ ਹਾਜ਼ਰ ਸਨ।



# ਝੋਨੇ ਦੀ ਸਿੱਧੀ ਬਿਜਾਈ ਤੇ 1500/- ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਪ੍ਰਾਪਤ ਕਰੋ

1. ਪੰਜਾਬ ਸਰਕਾਰ ਵੱਲੋਂ ਸਾਲ 2023-24 ਦੌਰਾਨ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500/- ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾ ਰਹੀ ਹੈ।
2. ਕਿਸਾਨ ਵੀਰ ਆਪਣੀ ਸਹਿਮਤੀ ਹੇਠ ਲਿਖੇ ਲਿੰਕ ਤੇ ਕਲਿੱਕ ਕਰਕੇ ਦੇ ਸਕਦੇ ਹਨ Link-https://agrimachinerypb.com/home/DSR23Department
3. ਕਿਸਾਨ ਵੀਰ ਲਿੰਕ ਖੋਲ੍ਹ ਕੇ ਆਪਣਾ ਆਧਾਰ ਨੰਬਰ ਭਰਨਗੇ। ਕਾਸ਼ਤਕਾਰ ਕਿਸਾਨ ਦੀ ਨਿੱਜੀ ਅਤੇ ਬੈਂਕ ਸਬੰਧੀ ਜਾਣਕਾਰੀ ਅਨਾਜ ਖਰੀਦ/ਈ ਮੰਡੀਕਰਨ ਪੋਰਟਲ ਵਿੱਚ ਕੀਤੀ ਰਜਿਸਟ੍ਰੇਸ਼ਨ ਅਨੁਸਾਰ ਹੀ ਵਿਖਾਈ ਜਾ ਰਹੀ ਹੈ।
4. ਉਸ ਉਪਰੰਤ ਕਿਸਾਨ ਵੱਲੋਂ ਸਿਰਫ ਆਪਣੀ ਸਿੱਧੀ ਬਿਜਾਈ ਅਧੀਨ ਜ਼ਮੀਨ ਸਬੰਧੀ ਵੇਰਵਾ ਹੀ ਦਿੱਤਾ ਜਾਣਾ ਹੈ। ਉਦਾਹਰਣ ਲਈ- ਕਿਸਾਨ ਵੱਲੋਂ ਜਮੀਨ ਦਾ ਜ਼ਿਲ੍ਹਾ/ ਤਹਿਸੀਲ-ਸਬ ਤਹਿਸੀਲ/ ਪਿੰਡ/ ਖੇਵਟ ਨੰਬਰ/ ਖਸਰਾ ਨੰਬਰ ਅਤੇ ਸਿੱਧੀ ਬਿਜਾਈ ਅਧੀਨ ਰਕਬੇ ਦੀ ਜਾਣਕਾਰੀ (ਕਨਾਲ/ ਮਰਲਾ ਜਾਂ ਬਿਗਾ ਵਿਸਵਾ ਵਿੱਚ)।
5. ਕਾਸ਼ਤਕਾਰ ਕਿਸਾਨ ਆਪਣੀ ਦਿੱਤੀ ਗਈ ਜਾਣਕਾਰੀ ਵਿੱਚ 24 ਜੂਨ 2023 ਤੱਕ ਐਡਿਟ/ਤਬਦੀਲੀ ਕਰ ਸਕਦੇ ਹਨ।
6. ਝੋਨੇ ਦੀ ਸਿੱਧੀ ਬਿਜਾਈ ਦੀ ਪਹਿਲੀ ਤਸਦੀਕ 26 ਜੂਨ ਤੋਂ 15 ਜੁਲਾਈ 2023 ਤੱਕ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਕੀਤੀ ਜਾਵੇਗੀ।



ਵਧੇਰੇ ਜਾਣਕਾਰੀ ਲਈ ਕਿਸਾਨ ਵੀਰ ਆਪਣੇ ਜਿਲ੍ਹੇ ਦੇ ਖੇਤੀਬਾੜੀ ਅਧਿਕਾਰੀ ਨਾਲ ਸੰਪਰਕ ਕਰ ਸਕਦੇ ਹਨ :

ਅੰਮ੍ਰਿਤਸਰ 81949-50007
ਬਰਨਾਲਾ 88720-10029
ਬਠਿੰਡਾ 84370-00614
ਫਰੀਦਕੋਟ 98720-25038
ਫਤਿਹਗੜ੍ਹ ਸਾਹਿਬ 84370-00629
ਫਾਜ਼ਿਲਕਾ 98552-26781
ਫਿਰੋਜ਼ਪੁਰ 88720-07502
ਗੁਰਦਾਸਪੁਰ 98153-86450
ਹੁਸ਼ਿਆਰਪੁਰ 98882-16968
ਲੁਧਿਆਣਾ 98724-00934, 75080-18704
ਜਲੰਧਰ 95175-95175
ਕਪੂਰਥਲਾ 98158-36724
ਮਾਨਸਾ 94632-71173, 78885-99643
ਮੁਕਤਸਰ 98782-05588
ਮੋਗਾ 98141-93502
ਪਠਾਨਕੋਟ 99155-87673
ਸ਼ਹੀਦ ਭਗਤ ਸਿੰਘ ਨਗਰ 89687-77661
ਪਟਿਆਲਾ 99148-22501
ਰੋਪੜ 98723-04259
ਸੰਗਰੂਰ 94172-51031
ਐਸ.ਏ.ਐਸ.ਨਗਰ 98556-06006
ਤਰਨ ਤਾਰਨ 98728-07599

ਜਾਰੀ ਕਰਤਾ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ


# ਵਾਧਵਾ ਕੈਰੀਅਰ ਇੰਸਟੀਚਿਊਟ ਵਿਦਿਆਰਥੀਆਂ ਨੂੰ ਸਿੱਖਿਆ ਰਾਹੀਂ ਬਣਾ ਰਿਹੈ ਸਫਲ : ਵਾਧਵਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸਥਾਨਕ ਵਧਵਾ ਕਰੀਅਰ ਇੰਸਟੀਚਿਊਟ ਤੇ ਉਸ ਦੇ ਨਾਲ ਲਗਦੇ ਸ਼ਹਿਰਾਂ ਦੇ ਵਿਦਿਆਰਥੀਆਂ ਦੇ ਜੀਵਨ ਨੂੰ ਸਮਾਜ ਪ੍ਰਤੀ ਜਾਗਰੂਕ ਕਰ ਚੰਗਾ ਇਨਸਾਨ ਬਣਾਉਣਾ ਤੇ ਪੜ੍ਹਾਈ 'ਚ ਚੰਗੇ ਮੁਕਾਮ ਤੱਕ ਪਹੁੰਚਾਉਣ ਲਈ ਬਿਹਤਰ ਸਿੱਖਿਆ ਪ੍ਰਦਾਨ ਕਰਨ ਦਾ ਵਧੀਆ ਕੰਮ ਕੀਤਾ ਜਾ ਰਿਹਾ ਹੈ। ਵਾਧਵਾ ਕਰੀਅਰ ਇੰਸਟੀਚਿਊਟ ਮੁੱਖ ਤੌਰ 'ਤੇ 9ਵੀਂ ਜਮਾਤ ਦੇ ਸਾਰੇ ਵਿਸ਼ਿਆਂ ਦੇ ਸਾਰੇ ਸਿੱਖਿਆ ਬੋਰਡਾਂ ਦੇ ਵਿਦਿਆਰਥੀਆਂ ਤੇ 12ਵੀਂ ਜਮਾਤ ਦੇ ਮੈਡੀਕਲ ਤੇ ਨਾਨ-ਮੈਡੀਕਲ ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਚੰਗੀ ਕੋਚਿੰਗ ਰਾਹੀਂ ਉੱਚ ਪੱਧਰੀ ਸਿੱਖਿਆ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਉਂਦਾ ਹੈ, ਜਿਸ ਦਾ ਪ੍ਰਭਾਵ ਹਰ ਸਾਲ ਦੇ ਨਤੀਜੇ ਦੇ ਰੂਪ ਵਿੱਚ ਦਿਖਾਈ ਵੀ ਦੇ ਰਿਹਾ ਹੈ। ਇਸ ਸਾਲ 10ਵੀਂ ਜਮਾਤ ਦਾ ਨਤੀਜਾ ਆਇਆ, ਜਿਸ ਤੋਂ ਪਤਾ ਲੱਗਦਾ ਹੈ ਕਿ ਸੰਸਥਾ ਤੋਂ ਪੜ੍ਹ ਕੇ ਵਧੀਆ ਸਥਾਨ ਹਾਸਲ ਕਰਨ ਵਾਲਿਆਂ 'ਚ ਮਨਿਕਾ ਗੋਇਲ ਨੇ 97.4 ਫੀਸਦੀ, ਜੈਸਮੀਨ ਤੇ ਯਸ਼ਿਕਾ ਨੇ 97 ਫੀਸਦੀ ਤੇ ਚਿਰਾਗ ਵਾਲੀਆ ਨੇ 96 ਫੀਸਦੀ ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਇੰਸਟੀਚਿਊਟ ਦੇ 8 ਵਿਦਿਆਰਥੀਆਂ ਨੇ 95 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 20 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਸੰਸਥਾ ਤੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾ ਦੱਸਿਆ ਕਿ 10ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸੰਸਥਾ ਤੋਂ ਕੋਚਿੰਗ ਲੈ ਕੇ ਸ਼ਾਨਦਾਰ ਅੰਕ ਪ੍ਰਾਪਤ ਕੀਤੇ ਹਨ। ਇਸ ਕੋਚਿੰਗ ਸੈਂਟਰ ਦੇ ਮੈਨੇਜਿੰਗ ਡਾਇਰੈਕਟਰ ਅਤੇ ਅਧਿਆਪਕ ਬੜੀ ਸ਼ਰਧਾ ਤੇ ਲਗਨ ਨਾਲ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ। ਇਸ ਤੋਂ ਇਲਾਵਾ ਸੰਸਥਾ 'ਚ ਵਿਦਿਆਰਥੀਆਂ ਨੂੰ ਓਲੰਪੀਆਡ, ਆਈ ਐੱਸ ਓ, ਆਈ ਐੱਮ ਓ, ਐੱਨ ਟੀ ਐੱਸ ਈ, ਕੇ ਵੀ ਪੀ ਵਾਈ, ਨੀਟ, ਜੇ ਈ ਈ ਆਦਿ ਮੁਕਾਬਲਿਆਂ ਲਈ ਵੀ ਯੋਗ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਵਾਧਵਾ ਕਰੀਅਰ ਇੰਸਟੀਚਿਊਟ ਦੇ ਮੈਨੇਜਿੰਗ ਡਾਇਰੈਕਟਰ ਟੋਨੀ ਵਧਵਾ ਨੇ ਦੱਸਿਆ ਕਿ ਇੱਥੇ ਪੜ੍ਹਨ ਵਾਲੇ ਵਿਦਿਆਰਥੀਆਂ ਨੇ ਦੇਸ਼ ਦੇ ਵੱਖ-ਵੱਖ ਮੈਡੀਕਲ ਤੇ ਇੰਜਨੀਅਰਿੰਗ ਕਾਲਜਾਂ 'ਚ ਦਾਖਲਾ ਲਿਆ ਹੈ। ਉਨ੍ਹਾ ਦੱਸਿਆ ਕਿ ਇਸ ਸੰਸਥਾ 'ਚ ਫਰੀਦਕੋਟ ਤੋਂ ਇਲਾਵਾ ਬਠਿੰਡਾ, ਫਿਰੋਜ਼ਪੁਰ, ਗੁਰੂ ਹਰਸਹਾਏ, ਸ੍ਰੀ ਮੁਕਤਸਰ ਸਾਹਿਬ ਤੋਂ ਵੀ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ। ਇੱਥੇ ਪੜ੍ਹਾਉਣ ਵਾਲੇ ਅਧਿਆਪਕ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਆਏ ਹਨ, ਇਸ ਲਈ ਇੱਥੋਂ ਦੀ ਸਿੱਖਿਆ ਦਾ ਮਿਆਰ ਵੀ ਚੰਡੀਗੜ੍ਹ ਤੇ ਕੋਟਾ ਨਾਲੋਂ ਘੱਟ ਨਹੀਂ ਹੈ। ਅੰਤ 'ਚ ਟੋਨੀ ਵਧਵਾ ਨੇ ਸਾਰੇ ਵਿਦਿਆਰਥੀਆਂ ਨੂੰ ਕੋਚਿੰਗ ਸੈਂਟਰ 'ਚ ਇਕੱਤਰ ਕਰ ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਇੱਕ ਪ੍ਰੋਗਰਾਮ ਰੱਖਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

